# 14

# ਮਜ਼ਬੂਤੀ ਨਾਲ ਰਹਿਣਾ

## (6:19–34)

6: 19–34 ਵਿਚ ਯਿਸੂ ਨੇ ਖ਼ੁਦਾ ਤੇ ਭਰੋਸਾ ਰੱਖਣ ਨਾਲੋਂ ਜਾਇਦਾਦ ਜਮਾਂ ਕਰਨ ਦੇ ਖ਼ਿਲਾਫ਼ ਚਿਤਾਵਨੀ ਦਿੱਤੀ। ਉਸ ਦੇ ਮੁੱਖ ਵਿਸ਼ੇ ਤੇ ਜ਼ੋਰ ਦਿੱਤਾ ਗਿਆ ਕਿ ਦੁਨਿਆਵੀ ਖ਼ਜ਼ਾਨੇ ਦੀਆਂ ਗੱਲਾਂ ਮਨ ਵਿਚ ਹੋਣ ਨਾਲ ਖ਼ੁਦਾ ਦੇ ਉਪਾਅ ਵਿਚ ਵਿਸ਼ਵਾਸ ਦੀ ਕਮੀ ਦੇ ਨਾਲ ਨਾਲ ਵਫ਼ਾਦਾਰੀ ਵੀ ਵੰਡੀ ਜਾਂਦੀ ਹੈ।

### ਖ਼ੁਦਾ ਅੱਗੇ ਸਮਰਪਣ (6:19-24)

ਕਪਟ ਦੇ ਖ਼ਤਰਿਆਂ ਦੀ ਚਿਤਾਵਨੀ ਦੇਣ ਦੇ ਬਾਅਦ ਯਿਸੂ ਖ਼ੁਦਾ ਅੱਗੇ ਸੱਚੇ ਸਮਰਪਣ ਦੇ ਉੱਚੇ ਪੱਧਰ ਤਕ ਲੈ ਗਿਆ। ਸੱਚੀ ਵਫ਼ਾਦਾਰੀ ਦਾ ਵਿਸ਼ਾ ਜਾਇਦਾਦ ਦੇ ਸਹੀ ਵਿਚਾਰ ਨਾਲ ਜੁੜਿਆ ਹੋਇਆ ਹੈ। ਇਸ ਸੰਦੇਸ਼ ਨੂੰ ਦੱਸਣ ਲਈ ਤਿੰਨ ਛੋਟੀਆਂ ਛੋਟੀਆਂ ਟਿੱਪਣੀਆਂ ਦਿੱਤੀਆਂ ਗਈਆਂ। ਇਹ ''ਧਨ'' (6: 19–21), ''ਅੱਖਾਂ'' (6:22, 23), ਅਤੇ ''ਮਾਲਕਾਂ'' (6:24) ਦੀਆਂ ਦੋ ਬਿਲਕੁਲ ਵੱਖੋ ਵੱਖ ਕਿਸਮਾਂ ਬਾਰੇ ਹੈ। ਇਨ੍ਹਾਂ ਦੋ ਜ਼ਬਰਦਸਤ ਫ਼ਰਕਾਂ ਦੀ ਵਰਤੋਂ ਕਰਦਿਆਂ ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਸ਼ਗਿਰਦੀ ਦੀ ਚੁਣੌਤੀ ਦੇਣ ਵਾਲੀ ਜ਼ਿੰਦਗੀ ਦੇ ਮੁੱਦਿਆਂ ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ।

#### ਦੋ ਤਰ੍ਹਾਂ ਦਾ ਧਨ (6: 19-21)

**[19]''ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ
ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। [20]ਪਰ ਸੁਰਗ ਵਿਚ ਆਪਣੇ ਲਈ ਧਨ
ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ
ਹਨ।'' [21]ਕਿਉਂ ਜੋ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ।**

**ਆਇਤ 19.** ਯਿਸੂ ਦੀ ਪਹਿਲੀ ਚਿਤਾਵਨੀ **''ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ''** ਵਿਚ ਮੂਲ ਭਾਸ਼ਾ ਵਿਚ ਸ਼ਬਦਾਂ ਦਾ ਖੇਡ ਹੈ। ''ਜੋੜੋ'' ਯੂਨਾਨੀ ਕਿਰਿਆ ਸ਼ਬਦ *thesaurizo* ਤੋਂ ਲਿਆ ਗਿਆ ਨਾਉਂ ਸ਼ਬਦ *thesauros* ਨਾਲ ਸਬੰਧਤ ਹੈ ਜਿਸ ਦਾ ਅੰਗ੍ਰੇਜ਼ੀ ਅਨੁਵਾਦ ''*treasures*'' (ਖ਼ਜ਼ਾਨਾ) ਹੈ। ਇਸ ਆਇਤ ਦੀ ਪਹਿਲੀ ਲਾਈਨ ਦਾ ਅਨੁਵਾਦ "do not store up for yourselves treasures" ਭਾਵ ''ਆਪਣੇ ਲਈ ਖ਼ਜ਼ਾਨਾ ਨਾ ਜੋੜੋ'' ਹੋ ਸਕਦਾ ਹੈ।

**ਧਰਤੀ ਉੱਤੇ** ਵਾਕਅੰਸ਼ ਇਨ੍ਹਾਂ ''ਖ਼ਜ਼ਾਨਿਆਂ'' ਦੇ ਥੋੜ੍ਹੀ ਦੇਰ ਦੇ ਅਤੇ ਦੁਨਿਆਵੀ ਹੋਣ ਦਾ ਸੰਕੇਤ ਹੈ। ਜੇ ਕਿਸੇ ਕੋਲ ਉਨ੍ਹਾਂ ਦੁਨਿਆਵੀ ਚੀਜ਼ਾਂ ਨੂੰ ਛੱਡ ਕੇ ਜਿਹੜੀਆਂ ਉਸ ਨੇ ਜਮ੍ਹਾਂ ਕੀਤੀਆਂ ਹੋਣ ਵਿਖਾਉਣ ਲਈ ਕੁਝ ਹੋਰ ਨਹੀਂ ਹੈ, ਤਾਂ ਉਹ ਅਸਲ ਵਿਚ ਗ਼ਰੀਬ ਹੈ। ਕਿਸੇ ਦੇ ਆਪਣੀ ਖ਼ੁਦਗਰਜ਼ ਵਰਤੋਂ ਲਈ ਦੁਨਿਆਵੀਂ ਚੀਜ਼ਾਂ ਨੂੰ ਜੋੜਨ ਜਾਂ ਧਨ ਦੀ ਚੰਚਲਤਾ ਤੇ ਭਰੋਸਾ ਰੱਖਣ ਦੀ ਤਰਜੀਹ

ਵਿਚ ਪਾਪ ਲੁਕਿਆ ਹੋਇਆ ਹੈ (1 ਤਿਮੋਥਿਉਸ 6:17–19; ਵੇਖੋ ਮਰਕੁਸ 10:17–24; ਲੂਕਾ 12:15; 18:24)।

ਦੁਨਿਆਵੀ ਖ਼ਜਾਨਾ ਨਹੀਂ ਜੋੜਨਾ ਚਾਹੀਦਾ ਕਿਉਂ ਜੋ **ਕੀੜਾ ਅਤੇ ਜੰਗਾਲ** ਇਨ੍ਹਾਂ ਚੀਜ਼ਾਂ ਨੂੰ **ਵਿਗਾੜ** ਸਕਦੇ ਹਨ। ਯਿਸੂ ਦੇ ਵਕਤ ਆਦਮੀ ਦੀ ਜਾਇਦਾਦ ਦਾ ਹਿਸਾਬ ਕੱਪੜਿਆਂ ਵਰਗੀਆਂ ਚੀਜ਼ਾਂ ਨਾਲ ਲਾਇਆ ਜਾਂਦਾ ਸੀ। ''ਕੀੜਾ'' ਅਸਾਨੀ ਨਾਲ ਮਹਿੰਗੇ ਕੱਪੜਿਆਂ ਨੂੰ ਬਰਬਾਦ ਕਰ ਸਕਦਾ ਹੈ। ''ਜੰਗਾਲ'' ਸ਼ਬਦ ਯੂਨਾਨੀ ਭਾਸ਼ਾ ਦੇ *brosis* ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਮੂਲ ਅਰਥ ''ਖਾਣ ਵਾਲਾ'' ਹੈ। ''ਜੰਗਾਲ'' ਕੀਮਤੀ ਧਾਤਾਂ ਨੂੰ ਖਾ ਜਾਂਦਾ ਹੈ (ਯਾਕੂਬ 5:2, 3)।

ਯਿਸੂ ਨੇ ਅੱਗੇ ਆਖਿਆ ਕਿ ਦੁਨਿਆਵੀ ਜਾਇਦਾਦ ਨੂੰ **ਚੋਰ ਸੰਨ੍ਹ ਮਾਰ** ਸਕਦੇ ਹਨ। ਅਨੁਵਾਦ ਹੋਏ ਸ਼ਬਦ ''ਸੰਨ੍ਹ'' ਲਈ ਯੂਨਾਨੀ ਭਾਸ਼ਾ ਦੇ ਸ਼ਬਦ (*diorisso*) ਦਾ ਮੂਲ ਅਰਥ ''ਪੁੱਟ ਸੁੱਟਣਾ'' ਹੈ। ਚੋਰ ਉਨ੍ਹਾਂ ਕੰਧਾਂ ਨੂੰ ਜਿਹੜੀਆਂ ਕੱਚੀਆਂ ਇੱਟਾਂ ਦੀਆਂ ਬਣੀਆਂ ਹੁੰਦੀਆਂ ਸਨ ਪੁੱਟ ਸੁੱਟਦੇ ਸਨ (ਅੱਯੂਬ 24:16)। ਯਿਸੂ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਦੁਨਿਆਵੀ ਚੀਜ਼ਾਂ ਥੋੜ੍ਹੀ ਦੇਰ ਦੀਆਂ, ਕੰਮ ਚਲਾਊ ਅਤੇ ਖਤਮ ਹੋ ਜਾਣ ਵਾਲੀਆਂ ਹੁੰਦੀਆਂ ਹਨ। ਯਿਸੂ ਨੇ ਆਪਣੇ ਚੇਲਿਆਂ ਨੂੰ ਗਲ ਜਾਣ ਅਤੇ ਖ਼ਤਮ ਹੋ ਜਾਣ ਵਾਲੀਆਂ ਚੀਜ਼ਾਂ ਉੱਤੇ ਉਮੀਦ ਰੱਖਣ ਦੀ ਬੇਵਕੂਫ਼ੀ ਯਾਦ ਦੁਆਈ।

**ਆਇਤ 20.** ਇਨ੍ਹਾਂ ਕਾਰਨਾਂ ਕਰਕੇ **ਸੁਰਗ ਵਿਚ ... ਧਨ ਜੋੜਨ** ਦਾ ਮਤਲਬ ਬਣਦਾ ਹੈ। ''ਸੁਰਗ ਵਿਚ ਧਨ ਜੋੜਨ'' ਤੋਂ ਭਾਵ ਖ਼ੁਦਾ, ਉਸ ਦੇ ਪੁੱਤਰ ਅਤੇ ਰੂਹਾਨੀ ਗੱਲਾਂ ਨੂੰ ਇਸ ਸੰਸਾਰ ਦੀਆਂ ਭੌਤਿਕ ਚੀਜ਼ਾਂ ਨਾਲੋਂ ਵੱਧ ਪਿਆਰ ਕਰਨਾ ਹੈ (ਲੂਕਾ 14:26–33; ਵੇਖੋ ਕੁਲੁੱਸੀਆਂ 3:1, 2)। ਇਸ ਦਾ ਮਤਲਬ ਇਹ ਹੈ ਕਿ ਖ਼ੁਦਾ ਨੂੰ ਵਡਿਆਈ ਦੇਣ ਅਤੇ ਉਸ ਦੇ ਰਾਜ ਨੂੰ ਉੱਚਿਆਂ ਕਰਨ ਲਈ ਆਪਣੀਆਂ ਭੌਤਿਕ ਬਰਕਤਾਂ ਦੀ ਵਰਤੋਂ ਕਰਨਾ ਚੁਣ ਲੈਣਾ ਹੈ। ਦੂਜਿਆਂ ਨੂੰ ਖੁਸ਼ਖ਼ਬਰੀ ਸੁਣਾਉਣ ਅਤੇ ਲੋੜਵੰਦਾਂ ਦੀ ਮਦਦ ਕਰਨ ਦਾ ਫ਼ੈਸਲਾ ਲੈ ਲੈਣਾ। ਅਮੀਰ ਜਵਾਨ ਹਾਕਮ ਨੂੰ, ਜਿਸ ਉੱਤੇ ਉਸ ਦੀ ਜਾਇਦਾਦ ਦਾ ਕਬਜ਼ਾ ਸੀ, ਯਿਸੂ ਨੇ ਕਿਹਾ, ''ਜੇ ਤੂੰ ਪੂਰਾ ਬਣਨਾ ਚਾਹੁੰਦਾ ਹੈਂ ਤਾਂ ਜਾ ਕੇ ਆਪਣਾ ਮਾਲ ਵੇਚ ਅਤੇ ਕੰਗਾਲਾਂ ਨੂੰ ਦੇ ਦੇ ਤਾਂ ਤੈਨੂੰ ਸੁਰਗ ਵਿਚ ਖ਼ਜ਼ਾਨਾ ਮਿਲੇਗਾ ਅਤੇ ਮੇਰੇ ਮਗਰ ਹੋ ਤੁਰ'' (19:21)। ਪੌਲੁਸ ਨੇ ਸੁਰਗ ਵਿਚ ਧਨ ਜੋੜਨ ਦਾ ਮਤਲਬ ''ਪਰੋਪਕਾਰ ਅਤੇ ਸ਼ੁਭ ਕਰਮਾਂ ਵਿਚ ਧਨੀ'' ਹੋਣ ਅਤੇ ''ਦਾਨ ਕਰਨ ਵਿਚ ਸਖ਼ੀ ਅਤੇ ਵੰਡਣ ਨੂੰ ਤਿਆਰ'' ਦੇ ਰੂਪ ਵਿਚ ਦੱਸਿਆ (1 ਤਿਮੋਥਿਉਸ 6:18, 19)।

ਧਨ ਜੋੜਨ ਦੀ ਧਾਰਨਾ ਯਹੂਦੀ ਧਰਮ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ।[1] ਅਪੋਕ੍ਰਿਫ਼ਾ ਦੀ ਕਿਤਾਬ ਸੀਰਾਚ ਵਿਚ ਕਿਹਾ ਗਿਆ ਹੈ:

> ਹੁਕਮ ਦਾ ਪਾਲਣ ਕਰਨ ਲਈ ਗ਼ਰੀਬ ਦੀ ਮਦਦ ਕਰੋ ਅਤੇ ਉਸ ਨੂੰ ਆਪਣੀ ਲੋੜ ਵਿਚ ਖਾਲੀ ਹੱਥ ਨਾ ਜਾਣ ਦਿਓ। ਆਪਣੇ ਧਨ ਦਾ ਦਾਨ ਭਰਾ ਅਤੇ ਦੋਸਤ ਲਈ ਕਰ ਦਓ ਅਤੇ ਜ਼ਮੀਨ ਦੇ ਹੇਠਾਂ ਉਸ ਵਿਚ ਜੰਗਾਲ ਨਾ ਲੱਗਣ ਦਿਓ। ਸਰਵਸ਼ਕਤੀਮਾਨ ਪ੍ਰਭੂ ਦੇ ਹੁਕਮ ਅਨੁਸਾਰ ਆਪਣੇ ਧਨ ਦੀ ਵਰਤੋਂ ਕਰੋ ਅਤੇ ਤੁਹਾਨੂੰ ਸੋਨੇ ਨਾਲੋਂ ਉਸ ਵਿਚ ਵੱਧ ਫ਼ਾਇਦਾ ਮਿਲੇਗਾ।[2]

ਟਾਲਮੁਡ ਵਿਚ ਕਿਹਾ ਗਿਆ ਹੈ, ''ਮੇਰੇ ਵੱਡਿਆਂ ਨੇ ਉਸ ਥਾਂ ਜੋੜਿਆ ਜਿੱਥੇ ਹੱਥ ਪਹੁੰਚ ਸਕਦਾ ਹੈ, ਪਰ ਉੱਥੇ ਨਹੀਂ ਜੋੜਿਆ ਹੈ ਜਿੱਥੇ ਹੱਥ ਨਹੀਂ ਪਹੁੰਚ ਸਕਦਾ। ... ਮੇਰੇ ਵੱਡਿਆਂ ਨੇ ਇਸ ਸੰਸਾਰ ਲਈ ਜੋੜਿਆ ਪਰ ਮੈਂ ਅਗਲੇ ਸੰਸਾਰ ਲਈ ਜੋੜਿਆ ਹੈ।''[3]

**ਆਇਤ 21.** ਯਿਸੂ ਨੇ ਸਾਡੇ ਧਨ ਜੋੜਨ ਦੇ ਅਬਦੀ ਨਜ਼ਰੀਏ ਤੇ ਜ਼ੋਰ ਦਿੱਤੇ ਬਗੈਰ ਇਸ ਵਿਸ਼ੇ ਤੇ ਆਪਣੀ ਚਰਚਾ ਖ਼ਤਮ ਕੀਤੀ, **''ਕਿਉਂ ਜੋ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ।''**

‘‘ਮਨ’’ (*kardia*) ਆਮ ਤੌਰ ਤੇ ਆਦਮੀ ਦੇ ਕੇਂਦਰ ਵੱਲ ਸੰਕੇਤ ਕਰਦਾ ਹੈ। ਇੱਥੇ ਇਸ ਦੀ ਆਮ ਵਰਤੋਂ ਨੂੰ ਧਿਆਨ ਵਿਚ ਰੱਖਦਿਆਂ ਇਸ ਦਾ ਆਮ ਅਰਥ ਆਦਮੀ ਦੇ ‘‘ਲਗਾਵਾਂ,’’ ‘‘ਤਰਜੀਹਾਂ’’ ਅਤੇ ‘‘ਇੱਛਾਵਾਂ’’ ਹੈ। ਜੇ ਕੋਈ ਧਰਤੀ ਉੱਤੇ ਆਪਣੇ ਲਈ ‘‘ਧਨ’’ ਜੋੜਦਾ ਹੈ ਤਾਂ ਉਸ ਦਾ ਮਨ ਇੱਥੇ ਹੀ ਹੈ। ਉਹ ਕਮਜ਼ੋਰ ਨਜ਼ਰ ਵਾਲਾ, ਦੁਨਿਆਵੀ ਸੋਚ ਵਾਲਾ ਨਾਸਤਿਕ ਹੈ। ਉਸ ਨੂੰ ਖ਼ੁਦਾ ਨਾਲ ਸੁਰਗੀ ਘਰ ਦੀ ਉਮੀਦ ਨਹੀਂ ਕਰਨੀ ਚਾਹੀਦੀ। ਇਸ ਦੇ ਉਲਟ ਜੇ ਕੋਈ ਸੁਰਗ ਵਿਚ ‘‘ਧਨ’’ ਜੋੜਦਾ ਹੈ ਤਾਂ ਉਸ ਦਾ ਮਨ ਉੱਥੇ ਹੀ ਹੈ। ਉਹ ਮਸੀਹ ਅਤੇ ਉਸ ਦੇ ਰਾਜ ਨੂੰ ਪਹਿਲ ਦਿੰਦਾ ਹੈ ਅਤੇ ਆਪਣੇ ਧਨ ਨਾਲ ਦੂਜਿਆਂ ਦੀ ਸੇਵਾ ਕਰਦਾ ਹੈ। ਉਸ ਨੂੰ ਇੱਥੇ ਭਰਪੂਰੀ ਦੀ ਜ਼ਿੰਦਗੀ ਦਾ ਅਨੰਦ ਅਤੇ ਖ਼ੁਦਾ ਨਾਲ ਸੁਰਗ ਵਿਚ ਹਮੇਸ਼ਾ ਦੀ ਜ਼ਿੰਦਗੀ ਦੀ ਉਮੀਦ ਕਰਨੀ ਚਾਹੀਦੀ ਹੈ।

### ਦੋ ਤਰ੍ਹਾਂ ਦੀਆਂ ਅੱਖਾਂ (6:22, 23)

**22‘‘ਸਰੀਰ ਦਾ ਦੀਵਾ ਅੱਖ ਹੈ, ਇਸ ਲਈ ਜੇ ਤੇਰੀ ਅੱਖ ਨਿਰਮਲ ਹੋਵੇ ਤਾਂ ਤੇਰਾ ਸਾਰਾ ਸਰੀਰ ਚਾਨਣਾ ਹੋਵੇਗਾ। 23ਪਰ ਜੇ ਤੇਰੀ ਅੱਖ ਬੁਰੀ ਹੋਵੇ ਤਾਂ ਤੇਰਾ ਸਾਰਾ ਸਰੀਰ ਅਨ੍ਹੇਰਾ ਹੋਵੇਗਾ। ਸੋ ਜੇ ਤੇਰੇ ਅੰਦਰ ਦਾ ਚਾਨਣ ਅਨ੍ਹੇਰਾ ਹੋਵੇ ਤਾਂ ਕਿੱਡਾ ਅਨ੍ਹੇਰਾ ਹੋਵੇਗਾ।’’**

**ਆਇਤ 22.** ਯਿਸੂ ਨੇ ਇਕ ਦੂਜੇ ਦ੍ਰਿਸ਼ਟਾਂਤ ਵਿਚ ਖ਼ੁਦਾ ਅੱਗੇ ਸਮਰਪਣ ਦੇ ਵਿਸ਼ੇ ਨੂੰ ਜਾਰੀ ਰੱਖਿਆ। ਉਸ ਦੀ ਇਹ ਤਸਦੀਕ ਹੈ ਕਿ **‘‘ਸਰੀਰ ਦਾ ਦੀਵਾ ਅੱਖ ਹੈ।’’** ਪਹਿਲੀ ਸਦੀ ਵਿਚ ਰੌਸ਼ਨੀ ਲਈ ਮੁੱਖ ਤੌਰ ਤੇ ਤੇਲ ਦੇ ਦੀਵੇ ਹੀ ਵਰਤੇ ਜਾਂਦੇ ਸਨ (5:15 ਤੇ ਟਿੱਪਣੀਆਂ ਵੇਖੋ)। ਅੱਖ ਮਨੁੱਖੀ ਦੇਹ ਲਈ ਦੀਵੇ ਦਾ ਕੰਮ ਕਰਦੀ ਹੈ; ਇਹ ਰੌਸ਼ਨੀ ਕਰਦੀ ਹੈ ਜਿਸ ਨਾਲ ਸਰੀਰ ਨੂੰ ਲਾਭ ਮਿਲਦਾ ਹੈ ਅਤੇ ਇਸ ਦੀਆਂ ਹਰਕਤਾਂ ਪ੍ਰਭਾਵਿਤ ਹੁੰਦੀਆਂ ਹਨ।

ਇਹ ਤੁਲਨਾ ਕਰਨ ਦੇ ਬਾਅਦ ਯਿਸੂ ਨੇ ਇਕ ਨਿਚੋੜ ਦਿੱਤਾ: **‘‘ਇਸ ਲਈ ਜੇ ਤੇਰੀ ਅੱਖ ਨਿਰਮਲ ਹੋਵੇ ਤਾਂ ਤੇਰਾ ਸਾਰਾ ਸਰੀਰ ਚਾਨਣਾ ਹੋਵੇਗਾ।’’** ‘‘ਨਿਰਮਲ’’ ਲਈ ਯੂਨਾਨੀ ਭਾਸ਼ਾ ਦੇ ਸ਼ਬਦ (*haplous*) ਦਾ ਅਨੁਵਾਦ ‘‘ਇਕ’’ (KJV) ਹੁੰਦਾ ਹੈ ਅਤੇ ਇਸ ਦਾ ਅਰਥ ‘‘ਇਕ ਚਿਤ ਸਮਰਪਣ’’ ਹੋ ਸਕਦਾ ਹੈ। ਜੇ. ਸੀ. ਰਾਈਲ ਦੇ ਨਾਲ ਸਾਨੂੰ ਵੀ ਕਹਿਣਾ ਪਵੇਗਾ ਕਿ ‘‘ਰੂਹਾਨੀ ਖੁਸ਼ਹਾਲੀ ਦਾ ਇਕ ਵੱਡਾ ਭੇਤ *ਮਕਸਦ ਦੀ ਇਕਾਗਰਤਾ* ਹੈ।’’[4] ਪਰ ਇਸ ਸ਼ਬਦ ਦਾ ਅਨੁਵਾਦ ‘‘ਤੰਦਰੁਸਤ’’ (NRSV) ‘‘ਚੰਗਾ’’ (NIV) ਵੀ ਕੀਤਾ ਜਾਂਦਾ ਹੈ, ਜਿਸ ਦਾ ਅਰਥ ‘‘ਖੁੱਲ੍ਹਦਿਲੀ’’ ਹੋ ਸਕਦਾ ਹੈ। ਪੁਰਾਣੇ ਜ਼ਮਾਨੇ ਵਿਚ ‘‘ਸਵੱਲੀ ਨਜ਼ਰ’’ ਫ਼ਰਾਖ਼ਦਿਲੀ ਲਈ ਇਕ ਮੁਹਾਵਰਾ ਸੀ। ਕਹਾਉਤਾਂ 22:9 ਵਿਚ ਮੂਲ ਵਿਚ ਕਿਹਾ ਗਿਆ ਹੈ, ‘‘ਜਿਸ ਦੀ ਨਜ਼ਰ ਚੰਗੀ ਹੈ ਉਹ ਬਰਕਤ ਪਾਵੇਗਾ ਕਿਉਂ ਜੋ ਉਹ ਆਪਣੀ ਰੋਟੀ ਗਰੀਬਾਂ ਨੂੰ ਦਿੰਦਾ ਹੈ।’’ ਇਸ ਤੋਂ ਵੀ ਵਧ ਕੇ ਇਸ ਨਾਲ ਜੁੜਿਆ ਸ਼ਬਦ *haplotes* ਫ਼ਰਾਖ਼ਦਿਲ ਹੋਣ ਦੇ ਸੰਦਰਭਾਂ ਵਿਚ ਮਿਲਦਾ ਹੈ (ਰੋਮੀਆਂ 12:8; 2 ਕੁਰਿੰਥੀਆਂ 8:2; 9:11, 13)। ‘‘ਇਸ ਆਇਤ ਵਿਚ *halpous* ਦਾ ਅਰਥ ਦੋਹਰਾ ਲਗਦਾ ਹੈ ਜੋ ਕਿ ਇਕ ਚਿਤ ਸਮਰਪਣ ਅਤੇ ਫ਼ਰਾਖ਼ਦਿਲੀ ਦੀਆਂ ਧਾਰਨਾਵਾਂ ਨੂੰ ਮਿਲਾਉਂਦਾ ਹੈ।’’[5]

**ਆਇਤ 23.** ਬਰਕਤ ਪਾਇਆ ਬੰਦਾ ਜਿਹੜਾ ‘‘ਰੌਸ਼ਨੀ ਨਾਲ ਭਰਿਆ’’ ਹੈ ਉਸ ਦੁਸ਼ਟ ਬੰਦੇ ਨਾਲੋਂ ਜਿਹੜਾ **ਅਨ੍ਹੇਰਾ** ਹੈ ਬਿਲਕੁਲ ਫ਼ਰਕ ਹੈ। ਯਿਸੂ ਨੇ ਕਿਹਾ ਕਿ ਇਸ ਆਦਮੀ ਦੀ **ਅੱਖ ਬੁਰੀ** ਹੈ। ‘‘ਬੁਰੀ’’ ਲਈ ਯੂਨਾਨੀ ਭਾਸ਼ਾ ਦਾ ਸ਼ਬਦ (*poneros*) ਦਾ ਅਨੁਵਾਦ ‘‘ਬੁਰਿਆਈ’’ (KJV) ਵੀ ਹੋ ਸਕਦਾ ਹੈ। ‘‘ਬੁਰੀ ਅੱਖ’’ ਦੀ ਵਰਤੋਂ ਉਸ ਦੇ ਸਬੰਧ ਵਿਚ ਕੀਤੀ ਜਾਂਦੀ ਹੈ ਜਿਹੜਾ ‘‘ਕੰਜੂਸ,’’ ‘‘ਲਾਲਚੀ,’’ ਜਾਂ ‘‘ਈਰਖਾਲੂ’’ ਹੋਵੇ (ਵਿਵਸਥਾਸਾਰ 15:9; ਕਹਾਉਤਾਂ 23:6;

KJV)। ਕਹਾਉਤਾਂ 28:22 ਵਿਚ ਕਿਹਾ ਗਿਆ ਹੈ, ''ਲੋਭੀ (ਬੁਰੀ ਨਿਗਾਹ ਵਾਲਾ) ਮਨੁੱਖ ਕਾਹਲੀ ਨਾਲ ਧਨ ਦਾ ਪਿੱਛਾ ਕਰਦਾ ਹੈ, ਅਤੇ ਨਹੀਂ ਜਾਣਦਾ ਭਈ ਗਰੀਬੀ ਉਹ ਦੇ ਉੱਤੇ ਆ ਪਵੇਗੀ।'' ਯਿਸੂ ਦੇ ਇਕ ਦ੍ਰਿਸ਼ਟਾਂਤ ਵਿਚ, ਅੰਗੂਰੀ ਬਾਗ ਦੇ ਮਾਲਕ ਨੇ ਇਹ ਸਵਾਲ ਪੁੱਛਿਆ: ''ਕੀ ਤੂੰ ਇਸੇ ਲਈ ਬੁਰੀ ਨਜ਼ਰ *[poneros]* ਵੇਖਦਾ ਹੈਂ ਜੋ ਮੈਂ ਭਲਾ ਹਾਂ'' (20:15)। ਜੇ ਕਿਸੇ ਤੇ ਲਾਲਚ ਹਾਵੀ ਹੋ ਜਾਵੇ ਤਾਂ ਉਸ ਦੀ ਜ਼ਿੰਦਗੀ ਸਚਮੁਚ ਤਰਸਯੋਗ ਹੋ ਜਾਂਦੀ ਹੈ।[6] ਯਿਸੂ ਨੇ ਕਿਹਾ, **''ਸੋ ਜੇ ਤੇਰੇ ਅੰਦਰ ਦਾ ਚਾਨਣ ਅਨ੍ਹੇਰਾ ਹੋਵੇ ਤਾਂ ਕਿੱਡਾ ਅਨ੍ਹੇਰਾ ਹੋਵੇਗਾ।''**

**ਦੋ ਤਰ੍ਹਾਂ ਦੇ ਮਾਲਕ (6:24)**

**24 ''ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ ਕਿਉਂ ਜੋ ਇਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਇਆ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ ਹੋ।''**

**ਆਇਤ 24.** ''ਮਾਲਕ'' ਲਈ ਯੂਨਾਨੀ ਭਾਸ਼ਾ ਦੇ ਸ਼ਬਦ (*kurios*) ਦਾ ਅਨੁਵਾਦ ਤੌਰ ਤੇ ''ਪ੍ਰਭੂ'' ਹੁੰਦਾ ਹੈ ਜੋ ਲੀਡਰਸ਼ਿਪ, ਮਲਕੀਅਤ, ਉੱਚੇ ਰੁਤਬੇ ਅਤੇ ਇਖ਼ਤਿਆਰ ਨੂੰ ਵਿਖਾਉਂਦਾ ਹੈ। ਇਸ ਸੰਦਰਭ ਵਿਚ ਇਹ ਵਧੇਰੇ ਸਪੱਸ਼ਟ ਰੂਪ ਨਾਲ ਉਸ ਨੂੰ ਵਿਖਾਉਂਦਾ ਹੈ ਜਿਹੜਾ ਗੁਲਾਮਾਂ ਦਾ ਮਾਲਕ ਹੋਵੇ। ਪਹਿਲੀ ਸਦੀ ਵਿਚ ਮਾਲਕ ਦਾ ਗੁਲਾਮ ਦੀ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਪੂਰਾ-ਪੂਰਾ ਵੱਸ ਹੁੰਦਾ ਸੀ। ਗੁਲਾਮ ਕੋਲ ਕਿਸੇ ਦੂਜੇ ਨੂੰ ਦੇਣ ਲਈ ਕੁਝ ਨਹੀਂ ਹੁੰਦਾ ਸੀ, ਕਿਉਂ ਜੋ ਉਹ ਪੂਰੀ ਤਰ੍ਹਾਂ ਨਾਲ ਆਪਣੇ ਮਾਲਕ ਦਾ ਹੁੰਦਾ ਸੀ।

**ਦੋ ਮਾਲਕਾਂ** ਲਈ ਮਿਲਕੇ ਇੱਕੋ ਹੀ ਗੁਲਾਮ ਦੇ ਮਾਲਕ ਹੋਣ ਦੀ ਗੱਲ ਸੁਣਨ ਵਿਚ ਨਹੀਂ ਆਉਂਦੀ ਸੀ (ਉਤਪਤ 37:28; ਰਸੂਲਾਂ ਦੇ ਕੰਮ 16:16, 19)।[7] ਪਰ ਗੁਲਾਮ ਲਈ ਦੋ ਮਾਲਕਾਂ ਦੇ ਹੋਣ ਦੀ ਗੱਲ ਆਮ ਗੱਲ ਸੀ। ਪਰ ਜੇ ਉਨ੍ਹਾਂ ਦੀਆਂ ਦਿਲਚਸਪੀਆਂ ਇਕ ਦੂਜੇ ਦੇ ਉਲਟ ਹੋਣ ਤਾਂ ਗੁਲਾਮ ਲਈ ਪੂਰੀ ਤਰ੍ਹਾਂ ਨਾਲ ਦੋਹਾਂ ਨਾਲ **ਮਿਲਿਆ** ਰਹਿਣਾ ਨਾਮੁਮਕਿਨ ਹੁੰਦਾ ਹੋਵੇਗਾ। ਇਕ ਦੀ ਹਮਾਇਤ ਦੂਜੇ ਨਾਲੋਂ ਵੱਧ ਕਰਨੀ ਜ਼ਰੂਰੀ ਸੀ। ਜੈਕ ਪੀ. ਲੂਈਸ ਨੇ ਸੁਝਾਅ ਦਿੱਤਾ ਹੈ ਕਿ ਇੱਥੇ ਇਸ ਸੰਦਰਭ ਵਿਚ **ਤੁੱਛ** ਸ਼ਬਦ ਤੋਂ ਭਾਵ ''ਘੱਟ ਪਿਆਰ ਕਰਨਾ'' ਹੈ (ਵੇਖੋ ਉਤਪਤ 29:31–33; ਵਿਵਸਥਾਸਾਰ 21:15)।[8]

ਯਿਸੂ ਨੇ ਸਾਫ਼ ਕਿਹਾ, **''ਤੁਸੀਂ ਪਰਮੇਸ਼ੁਰ ਅਤੇ ਮਾਇਆ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ ਹੋ।''** ''ਮਾਇਆ'' ਲਈ ਇਹ ਯੂਨਾਨੀ ਭਾਸ਼ਾ ਦੇ ਸ਼ਬਦ *mamonas* ਤੋਂ ਲਿਆ ਗਿਆ ਹੈ ਜੋ ਅਰਾਮੀ ਭਾਸ਼ਾ ਦੇ *manamon* ਤੋਂ ਲਿਆ ਗਿਆ ਸੀ। ਨਵੇਂ ਨੇਮ ਵਿਚ ਇਹ ਸ਼ਬਦ ਹੋਰ ਕਿਤੇ ਲੂਕਾ 16:9, 11, 13 ਵਿਚ ਮਿਲਦਾ ਹੈ। ''ਮਾਇਆ'' ਜਾਂ ''ਧਨ'' ਨੂੰ ਇੱਥੇ ਮਾਲਕ ਦੇ ਰੂਪ ਵਿਚ ਵਿਖਾਇਆ ਗਿਆ ਹੈ। ਲੂਈਸ ਨੇ ਲਿਖਿਆ ਹੈ, ''ਬਹੁਤ ਵਾਰ ਆਦਮੀ ਦਾ ਮਾਲਕ ਉਹੀ ਹੁੰਦਾ ਹੈ ਜਿਸ ਦਾ ਉਸ ਨੂੰ ਲਗਦਾ ਹੈ ਕਿ ਉਹ ਮਾਲਕ ਹੈ।''[9]

## ਚਿੰਤਾ ਉੱਤੇ ਕਾਬੂ ਪਾਉਣਾ (6:25-34)

**25 ''ਇਸ ਕਰਕੇ ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾਂ ਦੇ ਲਈ ਚਿੰਤਾ ਨਾ ਕਰੋ ਭਈ ਅਸੀਂ ਕੀ ਖਾਵਾਂਗੇ ਯਾ ਕੀ ਪੀਵਾਂਗੇ ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਹਿਨਾਂਗੇ? ਭਲਾ, ਪ੍ਰਾਣ ਭੋਜਨ ਨਾਲੋਂ ਅਤੇ ਸਰੀਰ ਵਸਤਰ ਨਾਲੋਂ ਵਧੀਕ ਨਹੀਂ? 26ਅਕਾਸ਼ ਦੇ ਪੰਛੀਆਂ ਵੱਲ ਧਿਆਨ**

**ਕਰੋ ਜੋ ਉਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿਚ ਇੱਕਠੇ ਕਰਦੇ ਹਨ ਅਰ ਤੁਹਾਡਾ
ਸੁਰਗੀ ਪਿਤਾ ਉਨ੍ਹਾਂ ਦੀ ਪਿਰਤਪਾਲ ਕਰਦਾ ਹੈ। ਭਲਾ, ਤੁਸੀਂ ਉਨ੍ਹਾਂ ਨਾਲੋਂ ਉੱਤਮ ਨਹੀਂ ਹੋ? [27]ਅਤੇ
ਤੁਹਾਡੇ ਵਿੱਚੋਂ ਉਹ ਕਿਹੜਾ ਹੈ ਜਿਹੜਾ ਚਿੰਤਾ ਕਰ ਕੇ ਆਪਣੀ ਉਮਰ ਨੂੰ ਇਕ ਪਲ ਵਧਾ ਸਕਦਾ ਹੈ?
[28]ਅਤੇ ਵਸਤਰ ਲਈ ਕਾਹਨੂੰ ਚਿੰਤਾ ਕਰਦੇ ਹੋ? ਜੰਗਲੀ ਸੋਸਨਾਂ ਨੂੰ ਵੇਖੋ ਜੋ ਉਹ ਕਿੱਕੁਰ ਵਧਦੇ ਹਨ।
ਉਹ ਨਾ ਮਿਹਨਤ ਕਰਦੇ ਨਾ ਕੱਤਦੇ ਹਨ। [29]ਪਰ ਮੈਂ ਤੁਹਾਨੂੰ ਕਹਿੰਦਾ ਹਾਂ ਭਈ ਸੁਲੇਮਾਨ ਵੀ ਆਪਣੀ
ਸਾਰੀ ਭੜਕ ਵਿਚ ਇਨ੍ਹਾਂ ਵਿੱਚੋਂ ਇਕ ਜਿਹਾ ਪਹਿਨਿਆ ਹੋਇਆ ਨਾ ਸੀ। [30]ਸੋ ਜਾਂ ਪਰਮੇਸ਼ੁਰ ਜੰਗਲੀ
ਬੂਟੀ ਨੂੰ ਜਿਹੜੀ ਅੱਜ ਹੈ ਅਤੇ ਭਲਕੇ ਤੰਦੂਰ ਵਿਚ ਝੋਕੀ ਜਾਂਦੀ ਹੈ ਅਜਿਹਾ ਪਹਿਨਾਉਂਦਾ ਹੈ ਤਾਂ ਹੇ
ਥੋੜੀ ਪਰਤੀਤ ਵਾਲਿਓ ਭਲਾ, ਉਹ ਤੁਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ? [31]ਸੋ ਤੁਸੀਂ ਚਿੰਤਾ ਕਰ
ਕੇ ਇਹ ਨਾ ਕਹੋ ਭਈ ਕੀ ਖਾਵਾਂਗੇ? ਯਾ ਕੀ ਪੀਵਾਂਗੇ? ਯਾ ਕੀ ਪਹਿਨਾਂਗੇ?। [32]ਪਰਾਈਆਂ ਕੌਮਾਂ
ਦੇ ਲੋਕ ਤਾਂ ਇਨ੍ਹਾਂ ਸਭਨਾਂ ਵਸਤਾ ਨੂੰ ਭਾਲਦੇ ਹਨ, ਕਿਉਂ ਜੋ ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ
ਤੁਹਾਨੂੰ ਇਨ੍ਹਾਂ ਸਭਨਾਂ ਵਸਤਾਂ ਦੀ ਲੋੜ ਹੈ। [33]ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ
ਨੂੰ ਭਾਲੋ ਤਾਂ ਤੁਹਾਨੂੰ ਇਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।**

**[34]ਸੋ ਤੁਸੀਂ ਭਲਕ ਦੇ ਲਈ ਚਿੰਤਾ ਨਾ ਕਰੋ ਕਿਉਂ ਜੋ ਭਲਕ ਆਪਣੇ ਲਈ ਆਪੇ ਚਿੰਤਾ ਕਰੇਗਾ।
ਅੱਜ ਦੇ ਲਈ ਅੱਜ ਹੀ ਦਾ ਦੁਖ ਬਥੇਰਾ ਹੈ।''**

ਪੂਰੀ ਤਰ੍ਹਾਂ ਨਾਲ ਖ਼ੁਦਾ ਨੂੰ ਸਮਰਪਤ ਆਦਮੀ ਧਨ ਦਾ ਗੁਲਾਮ ਨਹੀਂ ਬਣੇਗਾ ਭਾਵ ਉਹ ਧਰਤੀ ਉੱਤੇ ਧਨ ਨਹੀਂ ਜੋੜੇਗਾ। ਇਸ ਦੇ ਉਲਟ ਉਹ ਦੂਜਿਆਂ ਨੂੰ ਮਸੀਹ ਨੂੰ ਜਾਣਨ ਅਤੇ ਲੋੜਵੰਦਾਂ ਦੀ ਮਦਦ ਕਰਦੇ ਹੋਏ ਫ਼ਰਾਖ਼ਦਿਲ ਹੋਵੇਗਾ (6:19–24)। ਇਹ ਆਦਮੀ ਆਪਣੀ ਜ਼ਿੰਦਗੀ ਵਿਚ ਖ਼ੁਦਾ ਦੇ ਰਾਜ ਨੂੰ ਪਹਿਲ ਦਿੰਦਾ ਹੋਇਆ ਇਹ ਭਰੋਸਾ ਕਰਦਾ ਹੈ ਕਿ ਖ਼ੁਦਾ ਉਸ ਦੀ ਦੇਖਭਾਲ ਕਰੇਗਾ (6:25–34)।

ਯਿਸੂ ਨੇ ਚਿੰਤਾ ਕਰਨ ਦੇ ਵਿਰੁੱਧ ਤਾੜਨਾ ਦਿੰਦਿਆਂ ਸ਼ੁਰੂ ਕੀਤਾ (6:25) ਅਤੇ ਫਿਰ ''ਪੰਛੀਆਂ'' (6:26, 27) ਅਤੇ ''ਫੁੱਲਾਂ'' (6:28–30) ਦੀ ਵਰਤੋਂ ਕਰਦੇ ਹੋਏ ਕੁਦਰਤ ਵਿੱਚੋਂ ਇਸ ਨੇਮ ਨੂੰ ਸਮਝਾਇਆ। ਉਸ ਨੇ ਆਪਣੇ ਚੇਲਿਆਂ ਨੂੰ ਚਿੰਤਾ ਕਰਨੀ ਛੱਡ ਕੇ ਰਾਜ ਦਾ ਪਿੱਛਾ ਸ਼ੁਰੂ ਕਰਨ ਲਈ ਆਖਦਿਆਂ ਇਸ ਤਾੜਨਾ ਨੂੰ ਦੁਹਰਾਇਆ (6:31–34)।

**ਆਇਤ 25. ''ਇਸ ਕਰਕੇ''** ਆਖਦੇ ਹੋਏ ਯਿਸੂ ਉਸ ਗੱਲ ਵੱਲ ਸੰਕੇਤ ਕਰ ਰਿਹਾ ਸੀ ਜਿਹੜੀ ਉਸ ਨੇ ਪਹਿਲਾਂ ਦੱਸੀ ਸੀ। ਜੇ ਕੋਈ ਆਪਣੇ ਮਾਲਕ ਦੇ ਰੂਪ ਵਿਚ ਖ਼ੁਦਾ ਵਿਚ ਸੇਵਾ ਕਰਦਾ ਹੈ, ਤਾਂ ਉਹਦੇ ਕੋਲ **ਚਿੰਤਾ** ਕਰਨ ਦਾ ਕੋਈ ਕਾਰਣ ਨਹੀਂ ਹੈ; ਕਿਉਂਕਿ ਖ਼ੁਦਾ ਆਪਣੀ ਸੇਵਾ ਲਈ ਜੋ ਜ਼ਰੂਰੀ ਹੈ ਉਹ ਮੁਹੱਈਆ ਕਰਵਾ ਦਵੇ। ''ਚਿੰਤਾ'' ਲਈ ਯੂਨਾਨੀ ਸ਼ਬਦ (*merimnao*) ਦਾ ਮਤਲਬ ''ਫ਼ਿਕਰ ਹੋਣਾ'' ਜਾਂ ''ਬੇਵਜ੍ਹਾ ਫ਼ਿਕਰ ਕਰਨੀ'' ਹੈ। ਚਿੰਤਾ ਉਸ ਊਰਜਾ ਨੂੰ ਸੋਖ ਲੈਂਦੀ ਹੈ ਜਿਹੜੀ ਉਸ ਦੇ ਮਾਲਕ ਦੀ ਸੇਵਾ ਵਿਚ ਖਰਚੀ ਜਾਣੀ ਚਾਹੀਦੀ ਹੈ। ਇਹ ਫ਼ਜ਼ੂਲ ਹੈ ਅਤੇ ਇਸ ਕਰਕੇ ਇਸ ਦੀ ਮਨਾਹੀ ਕੀਤੀ ਗਈ ਹੈ। ਪੌਲੁਸ ਨੇ ਲਿਖਿਆ ਹੈ, ''ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ ਹਰ ਗੱਲ ਵਿਚ ਤੁਹਾਡੀਆਂ ਅਰਦਾਸਾਂ ਅਤੇ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ'' (ਫ਼ਿਲਿੱਪੀਆਂ 4:6; ਵੇਖੋ 1 ਪਤਰਸ 5:7)।

**ਪ੍ਰਾਣ** ਲਈ ਯੂਨਾਨੀ ਸ਼ਬਦ (*psuche*) ਦੀ ਵਰਤੋਂ ਨਵੇਂ ਨੇਮ ਵਿਚ ਕਈ ਤਰ੍ਹਾਂ ਨਾਲ ਹੋਈ ਹੈ। ਇਸ ਵਿਚ ਸਾਡੇ ਵਜੂਦ ਦੇ ਦਿਮਾਗੀ, ਜਜ਼ਬਾਤੀ, ਜਿਸਮਾਨੀ ਅਤੇ ਰੂਹਾਨੀ ਪਹਿਲੂ ਆ ਸਕਦੇ ਹਨ। ਇਸ ਆਇਤ ਵਿਚ ''ਪ੍ਰਾਣ'' ਜ਼ਾਹਿਰ ਤੌਰ ਤੇ ''ਦੇਹ ਦੇ ਕੰਮ ਕਰਦੇ ਸਿਧਾਂਤ'' ਨੂੰ ਕਿਹਾ ਗਿਆ ਹੈ।[10] ਅਤੇ ਇਹ **ਸਰੀਰ** (*soma*) ਦੇ ਨਾਲ ਇਕ ਸਮਾਨਾਂਤਰਤਾ ਬਣਾਉਂਦਾ ਹੈ। ਮਨੁੱਖਾਂ ਲਈ ਸਰੀਰ

ਰੂਪ ਵਿਚ ਜ਼ਿੰਦਾ ਰਹਿਣ ਲਈ **ਭੋਜਨ, ਪਾਣੀ** ਅਤੇ **ਵਸਤਰ** ਜ਼ਰੂਰੀ ਹੈ। ਮਾਈਕਲ ਜੇ. ਵਿਲਕਿੰਸ ਨੇ ਧਿਆਨ ਦੁਆਇਆ ਹੈ ਕਿ ''ਯਿਸੂ ਜ਼ਿੰਦਗੀ ਦੇ ਰੋਜ਼ਮੱਰਾ ਦੇ ਸੰਘਰਸ਼ ਨੂੰ ਸਮਝਣ ਵਾਲੇ ਲੋਕਾਂ ਨਾਲ ਗੱਲ ਕਰ ਰਿਹਾ ਹੈ। ਉਨ੍ਹਾਂ ਦਾ ਦਿਨ ਭਰ ਦਾ ਜ਼ਿਆਦਤਰ ਸਮਾਂ ਰੋਜ਼ੀ ਲਈ ਜ਼ਰੂਰੀ ਸਮਾਨ ਜਮ੍ਹਾ ਕਰਨ ਦੀ ਕੋਸ਼ਿਸ਼ ਵਿਚ ਨਿੱਕਲ ਜਾਂਦਾ ਸੀ।''[11] ਪਰ ਜ਼ਿੰਦਗੀ ਦੀ ਅਹਿਮੀਅਤ ਸਰੀਰਕ ਪੋਸ਼ਣ ਨਾਲੋਂ ਕਿਤੇ ਵੱਧ ਅਤੇ ਬੇਹਤਰ ਮਕਸਦਾਂ ਵਾਲੀ ਹੈ।

**ਆਇਤ 26.** ਆਪਣੀ ਪਹਿਲੀ ਉਦਾਹਰਣ ਵਿਚ ਯਿਸੂ ਨੇ ਤਸੱਲੀ ਦਿੱਤੀ ਕਿ ਖ਼ੁਦਾ **ਅਕਾਸ਼ ਦੇ ਪੰਛੀਆਂ** ਲਈ ਖਾਣਾ ਮੁਹੱਈਆ ਕਰਵਾਉਂਦਾ ਹੈ। ਮਨੁੱਖਾਂ ਦੇ ਉਲਟ, **ਉਹ ਨਾ ਬੀਜਦੇ ਅਤੇ ਨਾ ਹੀ ਵੱਢਦੇ ਹਨ ਅਤੇ ਨਾ ਹੀ ਭੜੋਲਿਆਂ ਵਿਚ ਇਕੱਠਾ ਕਰਦੇ ਹਨ।** ਇਸ ਗੱਲ ਤੋਂ ਸਾਨੂੰ ਇਹ ਨਿਚੋੜ ਨਹੀਂ ਕੱਢਣਾ ਚਾਹੀਦਾ ਕਿ ਪੰਛੀ ਆਪਣੇ ਭੋਜਨ ਲਈ ਕੁਝ ਵੀ ਨਹੀਂ ਕਰਦੇ। ਉਨ੍ਹਾਂ ਨੂੰ ਸਵੇਰੇ–ਸਵੇਰੇ ਨਾਸ਼ਤੇ ਵਾਸਤੇ ਕੀੜੇ ਇਕੱਠੇ ਕਰਦਿਆਂ ਵੇਖਿਆ ਜਾ ਸਕਦਾ ਹੈ। ਇਸ ਦੇ ਬਾਵਜੂਦ ਇਹ ਜੰਤੂ ਆਪਣੇ ਖਾਣ ਲਈ ਸਮਾਨ ਬਣਾਉਣ ਲਈ ਕੁਝ ਨਹੀਂ ਕਰਦੇ। ਕਿਉਂਕਿ ਇਹ ਉਨ੍ਹਾਂ ਨੂੰ ਖ਼ੁਦਾ ਵੱਲੋਂ ਦਿੱਤਾ ਜਾਂਦਾ ਹੈ। ਉਹ ਸਿਰਫ਼ ਉਸ ਨੂੰ ਪਾਉਣ ਲਈ ਜਿਹੜਾ ਖ਼ੁਦਾ ਨੇ ਉਨ੍ਹਾਂ ਨੂੰ ਪਹਿਲਾਂ ਹੀ ਦੇ ਦਿੱਤਾ ਹੈ, ਕੋਸ਼ਿਸ਼ ਕਰਦੇ ਹਨ। ਇਸ ਉਦਾਹਰਣ ਵਿਚ ਯਿਸੂ ਛੋਟੇ ਦੇ ਬਾਅਦ ਵੱਡੇ ਤਰਕ ਦੀ ਵਰਤੋਂ ਕਰ ਰਿਹਾ ਸੀ। ਜੇ ਖ਼ੁਦਾ ਇਨ੍ਹਾਂ ਨਿਮਾਣੇ ਪੰਛੀਆਂ ਦੀ ਦੇਖਭਾਲ ਕਰਦਾ ਹੈ ਤਾਂ ਯਕੀਨਨ ਹੀ ਉਹ ਲੋਕਾਂ ਲਈ ਜਿਨ੍ਹਾਂ ਨੂੰ ਉਸ ਨੇ ਆਪਣੇ ਸਰੂਪ ਉੱਤੇ ਬਣਾਇਆ ਹੈ, ਖਾਣਾ ਦੇਵੇਗਾ (ਉਤਪਤ 1:27)। ਅਸਲ ਵਿਚ ਮਨੁੱਖੀ ਜੀਵ ਪੰਛੀਆਂ **ਨਾਲੋਂ ਉੱਤਮ** ਹਨ (ਵੇਖੋ ਜ਼ਬੂਰ 8:3–8)।

**ਆਇਤ 27.** ਚਿੰਤਾ ਕਰਨ ਦੀ ਵਿਅਰਥਤਾ ਨੂੰ ਵਿਖਾਉਣ ਲਈ ਯਿਸੂ ਨੇ ਪੁੱਛਿਆ, **''ਤੁਹਾਡੇ ਵਿੱਚੋਂ ਉਹ ਕਿਹੜਾ ਹੈ ਜਿਹੜਾ ਚਿੰਤਾ ਕਰ ਕੇ ਆਪਣੀ ਉਮਰ ਨੂੰ ਇਕ ਪਲ ਵਧਾ ਸਕਦਾ ਹੈ?''** ਇਸ ਅਲੰਕਾਰਿਕ ਸਵਾਲ ਦਾ ਜਵਾਬ ਹੈ, ''ਕੋਈ ਨਹੀਂ।''

''ਆਪਣੀ ਉਮਰ ਨੂੰ ਇਕ ਪਲ ਵਧਾ ਸਕਦਾ'' ਦੀ ਥਾਂ KJV ਵਿਚ ''ਆਪਣੇ ਕੱਦ ਵਿਚ ਇਕ ਹੱਥ ਵਧਾ'' ਹੈ। ''ਹੱਥ'' ਲਈ ਯੂਨਾਨੀ ਸ਼ਬਦ (*pechus*) ਦਾ ਅਰਥ ਮੂਲ ਵਿਚ ''ਪੋਟਿਆਂ ਤੋਂ ਕੂਹਣੀ ਤਕ ਦਾ ਹਿੱਸਾ'' ਸੀ ਅਤੇ ਬਾਅਦ ਵਿਚ ਇਸ ਦੀ ਵਰਤੋਂ ਮਾਪ ਦੀ ਇਕਾਈ (ਲਗਭਗ ਅਠਾਰਾਂ ਇੰਚ) ਲਈ ਹੋਣ ਲੱਗੀ। ਪਰ ਕਈ ਵਾਰ ਖ਼ਾਸ ਨਾਪਾਂ ਦੀ ਵਰਤੋਂ ਸਮੇਂ ਦੇ ਇਕ ਭਾਗ ਦੇ ਸੰਕੇਤ ਲਈ ਕੀਤੀ ਜਾਂਦੀ ਸੀ (ਜ਼ਬੂਰ 39:5)। ''ਕੱਦ'' ਸ਼ਬਦ (*helikia*) ਦਾ ਮਤਲਬ ''ਉਮਰ'' ਵੀ ਹੋ ਸਕਦਾ ਹੈ (ਯੂਹੰਨਾ 9:21; ਇਬਰਾਨੀਆਂ 11:11)। ਯਿਸੂ ''ਉਸ ਛੋਟੀ ਚੀਜ਼'' ਦੀ ਗੱਲ ਕਰ ਰਿਹਾ ਹੈ (ਲੂਕਾ 12:25, 26), ਜਿਸ ਕਰਕੇ ਜ਼ਿਆਦਾਤਰ ਆਧੁਨਿਕ ਅਨੁਵਾਦਾਂ ਵਿਚ ਇਨ੍ਹਾਂ ਸ਼ਬਦਾਂ ਦਾ ਅਨੁਵਾਦ ਕਿਸੇ ਦੀ ਜ਼ਿੰਦਗੀ ਵਿਚ ਇਕ ਛੋਟਾ ਪਲ ਜੋੜਨ ਦੇ ਅਰਥ ਵਿਚ ਕੀਤਾ ਗਿਆ ਹੈ। ਇਸ ਅਨੁਵਾਦ ਦੀ ਵਰਤੋਂ ਕਰਨ ਦੇ ਤਰਕ ਦਾ ਅਧਾਰ ਇਹ ਹੈ ਕਿ ਬਦਲ ਭਾਵ ਕਿਸੇ ਦੇ ਕੱਦ ਵਿਚ ਇਕ ਹੱਥ ਵੱਧਣਾ, ਨਾ ਮੰਨਣ ਯੋਗ ਕੰਮ ਹੋਵੇਗਾ! ਇਸ ਕਰਕੇ NASB ਵਿਚ ਵਰਤੀ ਗਈ ਸ਼ਬਦਾਵਲੀ ''ਆਪਣੀ ਜ਼ਿੰਦਗੀ ਵਿਚ ਇਕ ਘੰਟਾ ਵਧਾ'' ਸਹੀ ਲਗਦੀ ਹੈ।

**ਆਇਤਾਂ 28, 29.** ਆਪਣੀ ਦੂਜੀ ਉਦਾਹਰਣ ਵਿਚ ਯਿਸੂ ਨੇ ''ਵਸਤਰ'' ਤੇ ਧਿਆਨ ਦਿੱਤਾ। ਇਕ ਵਾਰ ਫੇਰ ਉਸ ਨੇ **ਜੰਗਲੀ ਸੋਸਨਾਂ** ਦੀ ਵਰਤੋਂ ਕਰਦਿਆਂ ਕੁਦਰਤ ਵੱਲ ਧਿਆਨ ਦੁਆਇਆ। ਫੁੱਲ ਦੀ ਖੂਬਸੂਰਤੀ ਦਾ ਕਾਰਣ ਕੀ ਹੈ? ਇਹ **ਨਾ ਮਿਹਨਤ ਕਰਦੇ ਨਾ ਕੱਤਦੇ ਹਨ** ਹਨ, ਫਿਰ ਵੀ ਉਨ੍ਹਾਂ ਦੇ ਖੂਬਸੂਰਤ ਲਿਬਾਸ ਨੂੰ ਬਣਾਉਣ ਲਈ ਜਿਨ੍ਹਾਂ ਵਿਚ ਉਹ ਲਿਪਟੇ ਹੁੰਦੇ ਹਨ, ਰੰਗਾਂ ਦੀ ਸਜਾਵਟ ਮਿਲ ਜਾਂਦੀ ਹੈ। ਫੁੱਲਾਂ ਦੀਆਂ ਕਿਸਮਾਂ, ਰੰਗ, ਅਕਾਰ ਅਤੇ ਖੁਸ਼ਬੂ ਜ਼ਬਰਦਸਤ ਹਨ।

ਇਨ੍ਹਾਂ ਸੋਸਨਾਂ ਦੇ ਸਬੰਧ ਵਿਚ ਯਿਸੂ ਨੇ ਕਿਹਾ, **ਸੁਲੇਮਾਨ** ਭਾਵੇਂ ਕਿੰਨੇ ਵੀ ਵਧੀਆ ਕੱਪੜੇ ਕਿਉਂ ਨਾ ਪਾਉਂਦਾ ਹੋਵੇ, ਪਰ **ਆਪਣੀ ਸਾਰੀ ਭੜਕ ਵਿਚ** ਵੀ ਉਸ ਨੇ **ਇਨ੍ਹਾਂ ਵਿੱਚੋਂ ਇਕ** ਵਰਗਾ ਕਦੇ ਨਹੀਂ

ਪਾਇਆ ਹੋਵੇਗਾ। ਸੁਲੇਮਾਨ ਬਾਦਸ਼ਾਹ ਨਾ ਸਿਰਫ਼ ਆਪਣੀ ਬੜੀ ਸਮਝ ਲਈ ਬਲਕਿ ਆਪਣੀ ਬੜੀ ਦੌਲਤ ਲਈ ਵੀ ਮਸ਼ਹੂਰ ਸੀ (1 ਰਾਜਿਆਂ 3:12, 13; 10:1–29; 2 ਇਤਿਹਾਸ 9:1–28); ਤਾਂ ਵੀ ਉਸ ਦੇ ਵਧੀਆ ਤੋਂ ਵਧੀਆ ਸ਼ਾਹੀ ਲਿਬਾਸ ਵਿਚ ਫੁੱਲਾਂ ਦੀ ਉਸ ਖ਼ੂਬਸੂਰਤੀ ਅੱਗੇ ਜਿਹੜੀ ਖ਼ੁਦਾ ਨੇ ਉਨ੍ਹਾਂ ਨੂੰ ਪਵਾਈ ਹੈ, ਫਿੱਕੇ ਹਨ। ਇਹ ਹੋ ਸਕਦਾ ਹੈ ਕਿ ਯਿਸੂ ਦੇ ਦਿਮਾਗ ਵਿਚ ਕੋਈ ਖ਼ਾਸ ਫੁੱਲ ਨਾ ਹੋਵੇ। ਪਰ ਕਿਰਮਚੀ ਰੰਗ ਦੇ ਗੁਲਹਵਾ ਦਾ ਸੁਝਾਅ ਦਿੱਤਾ ਗਿਆ ਹੈ ਜੋ ਸ਼ਾਇਦ ਸੁਲੇਮਾਨ ਦੇ ਲਿਬਾਸ ਨਾਲੋਂ ਉੱਚਾ ਹੈ (ਵੇਖੋ ਨਿਆਈਆਂ 8:26)। ਵਿਲਕਿੰਸ ਨੇ ਲਿਖਿਆ ਹੈ, ‘‘ਅੱਜ ਵੀ ਲਾਲ ਅਤੇ ਕਿਰਮਚੀ ਗੁਲਹਵਾ (ਤਾਜਨੁਮਾ ਗੁਲਹਵਾ) ਜਿਸ ਦੀ ਡੰਡੀ ਨੀਲੇ ਸੋਸਨ ਨਾਲ ਜੋ ਦਸ ਇੰਚ ਮੋਟੀ ਹੁੰਦੀ ਹੈ,ਗਲੀਲ ਦੀ ਝੀਲ ਉਤਲੀਆਂ ਪਹਾੜੀਆਂ ਤੇ ਜੰਗਲ ਵਿਚ ਹੁੰਦੀ ਹੈ।’’[12]

**ਆਇਤ 30. ਪਰਮੇਸ਼ੁਰ ਜੰਗਲੀ ਬੂਟੀ** ਨੂੰ ਪਹਿਨਾਉਣ ਵਾਂਗ ਹੀ ਖ਼ੂਬਸੂਰਤ ਫੁੱਲਾਂ ਨੂੰ ਵੀ ਲਿਬਾਸ ਦਿੰਦਾ ਹੈ ਪਰ ਇਹ ਬੂਟੀ ਜਿਹੜੀ ਸਿਰਫ਼ ਥੋੜ੍ਹੀ ਦੇਰ ਵਾਸਤੇ ਹੈ: ‘‘ਸੂਰਜ ਲੋਅ ਨਾਲ ਚੜ੍ਹਿਆ ਅਤੇ ਘਾ ਨੂੰ ਸੁਕਾ ਦਿੱਤਾ ਅਤੇ ਉਹਦਾ ਫੁੱਲ ਝੜ ਗਿਆ ਅਤੇ ਉਹਦੇ ਰੂਪ ਦਾ ਸੁਹੱਪਣ ਨਸ਼ਟ ਹੋ ਗਿਆ’’ (ਯਾਕੂਬ 1:11; ਵੇਖੋ 1 ਪਤਰਸ 1:24)। ਇਹ **ਅੱਜ ਹੈ** ਪਰ **ਭਲਕੇ ਤੰਦੂਰ ਵਿਚ ਝੋਕੀ ਜਾਂਦੀ** ਹੈ। ਗਰੀਬ ਲੋਕ ਇਨ੍ਹਾਂ ਸੁੱਕੇ ਹੋਏ ਫੁੱਲਾਂ ਨੂੰ ਲੈ ਕੇ ਅੱਜ ਦੇ ਬਾਲਣ ਲਈ ਇਨ੍ਹਾਂ ਨੂੰ ਵਰਤ ਲੈਣਗੇ। ਫੇਰ ਯਿਸੂ ਦਾ ਤਰਕ ਛੋਟੇ ਤੋਂ ਵੱਡੇ ਵੱਲ ਨੂੰ ਹੋ ਗਿਆ। ਜੇ ਖ਼ੁਦਾ ਅਜਿਹੀ ਨਿਗੂਣੀ ਵਨਸਪਤੀ ਨੂੰ ਲਿਬਾਸ ਪੁਆਉਂਦਾ ਹੈ ਤਾਂ ਯਕੀਨਨ ਹੀ ਉਹ ਆਪਣੇ ਲੋਕਾਂ ਨੂੰ ਵੀ ਵਸਤਰ ਪੁਆਏਗਾ।

**‘‘ਹੇ ਥੋੜ੍ਹੀ ਪਰਤੀਤ ਵਾਲਿਓ’’** ਦੀ ਗੱਲ ਮੱਤੀ ਵਿਚ ਕਈ ਵਾਰ ਮਿਲਦੀ ਹੈ (8:26; 14:31; 16:8; 17:20)। ਟਾਲਮੁਡ ਵਿਚ ਕਿਹਾ ਗਿਆ ਹੈ, ‘‘ਜਿਸ ਟੋਕਰੀ ਵਿਚ ਰੋਟੀ ਹੋਵੇ ਅਤੇ ਉਹ ਆਖੇ, ‘ਮੈਂ ਕੱਲ੍ਹ ਕੀ ਖਾਵਾਂਗਾ?’ ਉਹ ਥੋੜ੍ਹੀ ਪਰਤੀਤ ਵਾਲਿਆਂ ਵਿੱਚੋਂ ਹੀ ਹੈ।’’[13]

**ਆਇਤਾਂ 31, 32.** ਇੱਥੇ ਯਿਸੂ ਨੇ **ਕੀ ਖਾਵਾਂਗੇ, ਜਾਂ ਕੀ ਪੀਵਾਂਗੇ** ਦੀ **ਚਿੰਤਾ ਨਾ** ਕਰਨ ਦੀ ਤਾੜਨਾ ਫੇਰ ਦੁਹਰਾਈ (ਵੇਖੋ 6:25)। ਖ਼ੁਦਾ ਨੂੰ ਪਤਾ ਹੁੰਦਾ ਹੈ ਕਿ ਸਾਡੀ ਕੀ ਲੋੜ ਹੈ, ਅਤੇ ਉਹ ਸਾਡੀਆਂ ਇਨ੍ਹਾਂ ਲੋੜਾਂ ਲਈ ਉਪਾਅ ਕਰੇਗਾ, ਜਦ ਅਸੀਂ ਆਪਣਾ ਕੰਮ ਕਰਦੇ ਹਾਂ। ਚਿੰਤਾ ਕਰਨ ਨਾਲ ਸਾਨੂੰ ਭੋਜਨ, ਕੱਪੜਾ ਜਾਂ ਮਕਾਨ ਮਿਲ ਨਹੀਂ ਜਾਵੇਗਾ, ਨਾ ਹੀ ਕੋਈ ਆਪਣੀ ਜ਼ਿੰਦਗੀ ਵਿਚ ਚਿੰਤਾ ਕਰਨ ਨਾਲ ਇਕ ਪਲ ਦਾ ਵਾਧਾ ਕਰ ਸਕਦਾ ਹੈ। ਜੇ ਸਾਡੇ ਕੋਲ ਭੋਜਨ, ਕੱਪੜਾ ਅਤੇ ਰਾਤ ਕੱਟਣ ਲਈ ਸਿਰ ਉੱਤੇ ਛੱਤ ਹੈ ਤਾਂ ਸਾਨੂੰ ਇਸ ਤੋਂ ਵੱਧ ਕੇ ਅਸਲ ਵਿਚ ਹੋਰ ਕੀ ਚਾਹੀਦਾ ਹੈ? ਚਿੰਤਾ ਨਾਲ ਕੁਝ ਲਾਭ ਨਹੀਂ ਹੁੰਦਾ। ਪੌਲੁਸ ਨੇ ਲਿਖਿਆ ਹੈ, ‘‘ਸੰਤੋਖ ਨਾਲ ਭਗਤੀ ਹੈ ਤਾਂ ਵੱਡੀ ਖੱਟੀ। ਕਿਉਂ ਜੋ ਅਸਾਂ ਜਗਤ ਵਿਚ ਨਾਲ ਕੁਝ ਨਹੀਂ ਲਿਆਂਦਾ ਅਤੇ ਨਾ ਅਸੀਂ ਕੁਝ ਲੈ ਜਾ ਸਕਦੇ ਹਾਂ। ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ ਬਥੇਰਾ ਹੈ’’ (1 ਤਿਮੋਥਿਉਸ 6:6–8)।

ਯਿਸੂ ਨੇ ਕਿਹਾ ਕਿ **ਪਰਾਈਆਂ ਕੌਮਾਂ ਦੇ ਲੋਕ ਇਨ੍ਹਾਂ ਸਭਨਾਂ ਵਸਤਾਂ ਨੂੰ ਭਾਲਦੇ ਹਨ।** ਦੂਜੇ ਸ਼ਬਦਾਂ ਵਿਚ ਖਾਣ, ਪੀਣ ਅਤੇ ਪਹਿਨਣ ਦੀ ਕੋਸ਼ਿਸ਼ ਵਿਚ ਲੱਗੇ ਰਹਿਣਾ ਬੰਦੇ ਨੂੰ ਕਾਫ਼ਰ ਵਰਗਾ ਬਣਾ ਦਿੰਦਾ ਹੈ ਜਿਹੜਾ ਖ਼ੁਦਾ ਨੂੰ ਨਹੀਂ ਜਾਣਦਾ (ਵੇਖੋ ਅਫ਼ਸੀਆਂ 2:11, 12)। ਰੌਬਰਟ ਐਚ. ਮਾਉਂਸ ਨੇ ਕਿਹਾ ਹੈ, ‘‘ਚਿੰਤਾ ਵਿਹਾਰਕ ਤੌਰ ਤੇ ਨਾਸਤਿਕ ਬਣਨਾ ਅਤੇ ਖ਼ੁਦਾ ਦਾ ਮੁਕਾਬਲਾ ਕਰਨਾ ਹੈ।’’[14] ਗੈਰਕੌਮਾਂ ਨਾਲ ਮਿਲਾਉਣ ਤੇ ਬੇਸ਼ੱਕ ਯਿਸੂ ਦੇ ਸੁਣਨ ਵਾਲੇ ਦੰਗ ਰਹਿ ਗਏ ਹੋਣਗੇ, ਕਿਉਂਕਿ ਇਸ ਨਾਲ ਉਹ ਉਸ ਦੀਆਂ ਗੱਲਾਂ ਨੂੰ ਹੋਰ ਗੌਰ ਨਾਲ ਵਿਚਾਰ ਕਰਨ ਲਈ ਮਜਬੂਰ ਹੋਏ ਹੋਣਗੇ। ਪਹਾੜੀ ਉਪਦੇਸ਼ ਵਿਚ ਪਰਾਈਆਂ ਕੌਮਾਂ ਦਾ ਇਹ ਤੀਜਾ ਹਵਾਲਾ ਹੈ (5:47 ਤੇ ਟਿੱਪਣੀਆਂ ਵੇਖੋ; 6:7)।

**ਆਇਤ 33.** ਜ਼ਿੰਦਗੀ ਦੀਆਂ ਜਿਸਮਾਨੀ ਲੋੜਾਂ ਦੀ ਖੋਜ ਕਰਨ ਨਾਲੋਂ ਯਿਸੂ ਨੇ ਚੇਲਿਆਂ ਨੂੰ ਕਿਹਾ ਕਿ **ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੀ ਧਰਮ ਨੂੰ ਭਾਲੋ।** ‘‘ਰਾਜ’’ (*basileia*) ਅਤੇ ‘‘ਧਰਮ’’ (*dikaiosune*) ਸ਼ਬਦ ਪੂਰੇ ਪਹਾੜੀ ਉਪਦੇਸ਼ ਵਿਚ ਬਾਰ–ਬਾਰ ਆਉਂਦੇ ਹਨ

(5:3, 6, 10, 19, 20; 6:1, 10, 13, 33; 7:21)।

''ਉਹ ਦੇ ਰਾਜ'' ਖ਼ੁਦਾ ਦੀ ਹਕੂਮਤ ਲਈ ਕਿਹਾ ਗਿਆ ਹੈ ਜਿਸ ਨੇ ਮਸੀਹ ਦੀ ਕਲੀਸੀਆ ਦੇ ਕਾਇਮ ਹੋਣ ਵਿਚ ਅਕਾਰ ਲਿਆ (6:10 ਤੇ ਟਿੱਪਣੀਆਂ ਵੇਖੋ)। ਮੱਤੀ ਵਿਚ ਬਾਅਦ ਵਿਚ ''ਰਾਜ'' (*basileia*) ਅਤੇ ''ਕਲੀਸੀਆ'' (*ekklesia*) ਸ਼ਬਦਾਂ ਦੀ ਵਰਤੋਂ ਤਕਰੀਬਨ ਇਕ ਦੂਜੇ ਦੇ ਲਈ ਹੋਈ ਹੈ (16:18, 19)। ''ਉਹਦੇ ਧਰਮ'' ਜੀਣ ਲਈ ਖ਼ੁਦਾ ਦੇ ਮਾਪਦੰਡ ਲਈ ਵਰਤਿਆ ਗਿਆ ਹੈ ਜਿਸ ਵਿਚ ਸੱਚੇ ਦਿਲੋਂ ਖ਼ੁਦਾ ਦੇ ਹੁਕਮ ਨੂੰ ਮੰਨ ਲਵੇ (5:6, 20 ਤੇ ਟਿੱਪਣੀਆਂ ਵੇਖੋ)। ਪੁਰਾਣੇ ਜ਼ਮਾਨੇ ਵਿਚ ਖ਼ੁਦਾ ਦੇ ਧਰਮ ਦੇ ਨਿਯਮਾਂ ਨੂੰ ਮੂਸਾ ਦੀ ਸ਼ਰ੍ਹਾ ਦੇ ਰਾਹੀਂ ਜ਼ਾਹਿਰ ਕਰ ਦਿੱਤਾ ਗਿਆ ਸੀ। ਪਰ ਮਸੀਹ ਇਕ ਨਵਾਂ ਨੇਮ ਬਣਾਉਣ ਲਈ ਆਇਆ। ਇਸ ਨੇਮ ਵਿਚ ਭਾਗ ਲੈਣ ਵਾਲਿਆਂ ਲਈ ਖ਼ਾਸ ਹੁਕਮ ਮੰਨਣ ਨੂੰ ਮੰਨੇ ਬਗੈਰ ਮਸੀਹ ਦੀ ਸਾਰੀ ਸਿੱਖਿਆ ਨੂੰ ਮੰਨਣ ਲਈ ਸਹਿਮਤ ਹੋਣਾ ਜ਼ਰੂਰੀ ਹੈ।

ਖ਼ੁਦਾ ਚਾਹੁੰਦਾ ਹੈ ਕਿ ਉਹਦੇ ਲੋਕ ਉਹਨੂੰ ''ਭਾਲਣ'' (ਵੇਖੋ ਰਸੂਲਾਂ ਦੇ ਕੰਮ 17:26, 27; ਇਬਰਾਨੀਆਂ 11:6)। ਅਨੁਵਾਦ ਹੋਏ ਸ਼ਬਦ ''ਭਾਲੋ'' ਦਾ ਇਬਰਾਨੀ ਸ਼ਬਦ (*zeteo*) ਨਵੇਂ ਨੇਮ ਵਿਚ ਕਈ ਵਾਰ ਮਿਲਦਾ ਹੈ। ਇੱਥੇ ਇਹ ਮੌਜੂਦਾ ਜ਼ਰੂਰੀ ਹੁਕਮ ਹੈ। ਜੋ ਲਗਾਤਾਰ ਭਾਲਣ ਦਾ ਸੰਕੇਤ ਦਿੰਦਾ ਹੈ ਨਾ ਕਿ ਸਿਰਫ਼ ਇੱਕੋ ਵਾਰ ਹੋਣ ਵਾਲੀ ਘਟਨਾ ਦਾ। ਆਦਮੀ ਦੀ ਜ਼ਿੰਦਗੀ ਦੀ ਤਰਜੀਹ ਖ਼ੁਦਾ ਦੇ ''ਰਾਜ ਅਤੇ ਉਸ ਦੇ ਧਰਮ'' ਨੂੰ ਭਾਲਣਾ ਹੋਣੀ ਚਾਹੀਦੀ ਹੈ। ਪੌਲੁਸ ਦੇ ਸ਼ਬਦਾਂ ਵਿਚ ਇਸ ਦਾ ਫਲ ''ਪਵਿੱਤਰ ਆਤਮਾ ਵਿਚ ਸ਼ਾਂਤੀ ਅਤੇ ਅਨੰਦ'' ਹੋਵੇਗਾ (ਰੋਮੀਆਂ 14:17)। ਖ਼ੁਦਾ ਦੇ ਰਾਜ ਅਤੇ ਉਸ ਦੇ ਧਰਮ ਨੂੰ ਪਹਿਲ ਦੇਣ ਨਾਲ ਭੌਤਿਕ ਚਿੰਤਾਵਾਂ ਦੀ ਬੇਕਾਰ ਫ਼ਿਕਰ ਖ਼ਤਮ ਹੋ ਜਾਂਦੀ ਹੈ। ਸਾਡੇ ਪ੍ਰਭੂ ਨੇ ਵਾਅਦਾ ਕੀਤਾ ਕਿ ਜੇ ਖ਼ੁਦਾ ਦੇ ਲੋਕ ਅਜਿਹਾ ਕਰਦੇ ਹਨ ਤਾਂ **ਇਹ ਸਾਰੀਆਂ ਵਸਤਾਂ** (ਜ਼ਿੰਦਗੀ ਦੀਆਂ ਲੋੜਾਂ) ਸਾਨੂੰ ਮੁਹੱਈਆ ਹੋ ਜਾਣਗੀਆਂ (ਵੇਖੋ ਫ਼ਿਲਿੱਪੀਆਂ 4:11–13)।

**ਆਇਤ 34.** ਯਿਸੂ ਨੇ ਗੱਲ ਮੁਕਾਈ, **''ਸੋ ਤੁਸੀਂ ਭਲਕ ਦੇ ਲਈ ਚਿੰਤਾ ਨਾ ਕਰੋ ਕਿਉਂ ਜੋ ਭਲਕ ਆਪਣੇ ਲਈ ਆਪੇ ਚਿੰਤਾ ਕਰੇਗਾ। ਅੱਜ ਦੇ ਲਈ ਅੱਜ ਹੀ ਦਾ ਦੁੱਖ ਬਥੇਰਾ ਹੈ।''** ਚੇਲਿਆਂ ਨੂੰ ਕੱਲ ਦੀ ਬਹੁਤੀ ਚਿੰਤਾ ਨਹੀਂ ਕਰਨੀ ਚਾਹੀਦੀ, ਬਲਕਿ ਇਕ ਦਿਨ ਵਿਚ ਇੱਕੋ ਹੀ ਵਾਰ ਜੀਣਾ ਜ਼ਰੂਰੀ ਹੈ। ਭਵਿੱਖ ਦੀਆਂ ਹੋ ਸਕਣ ਵਾਲੀਆਂ ਮੁਸ਼ਕਿਲਾਂ ਤੋਂ ਫਿਕਰਮੰਦ ਹੋਣ ਨਾਲੋਂ ਵਰਤਮਾਨ ਦੀਆਂ ਅਸਲ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਜ਼ਰੂਰੀ ਹੈ।

ਭਵਿੱਖ ਦੀ ਚਿੰਤਾ ਕਰਨਾ ਅਸਲ ਵਿਚ ਵਰਤਮਾਨ ਦਾ ਸਾਹਮਣਾ ਕਰਨ ਦੀ ਆਦਮੀ ਦੀ ਯੋਗਤਾ ਨੂੰ ਘੱਟ ਕਰ ਦਿੰਦਾ ਹੈ। ਅਤੇ ਇਸ ਨਾਲ ਉਸ ਦੀ ਉਮਰ ਵੀ ਘੱਟਦੀ ਹੈ। ਅਪੋਕ੍ਰਿਫ਼ਾ ਦੀ ਕਿਤਾਬ ਸਿਰਾਚ ਵਿਚ ਕਿਹਾ ਗਿਆ ਹੈ ਕਿ ''ਚਿੰਤਾ ਆਦਮੀ ਨੂੰ ਵਕਤ ਤੋਂ ਪਹਿਲਾਂ ਬੁੱਢਾ ਕਰ ਦਿੰਦੀ ਹੈ।''[15] ਇਸ ਤੋਂ ਇਲਾਵਾ ਬਹੁਤ ਸਾਰੀਆਂ ਗੱਲਾਂ ਜਿਨ੍ਹਾਂ ਦੀ ਲੋਕ ਚਿੰਤਾ ਕਰਦੇ ਹਨ ਅਸਲ ਵਿਚ ਹੁੰਦੀਆਂ ਹੀ ਨਹੀਂ ਕਿਉਂਕਿ ਜ਼ਿੰਦਗੀ ਦੇ ਹਾਲਾਤ ਪਲ ਪਲ ਬਦਲਦੇ ਰਹਿੰਦੇ ਹਨ (ਕਹਾਉਤਾਂ 27:1; ਯਾਕੂਬ 4:13–17)। ਟਾਲਮੁਡ ਵਿਚ ਕਿਹਾ ਗਿਆ ਹੈ, ''ਕੱਲ੍ਹ ਦੀ ਪਰੇਸ਼ਾਨੀ ਲਈ ਪਰੇਸ਼ਾਨ ਨਾ ਹੋਵੋ, ਕਿਉਂਕਿ ਤੁਸੀਂ ਨਹੀਂ ਜਾਣਦੇ ਕਿ ਕੱਲ ਕੀ ਹੋਣ ਵਾਲਾ ਹੈ, ਅਤੇ ਕੀ ਪਤਾ ਕੱਲ ਹੋਵੇ ਹੀ ਨਾ, ਅਤੇ ਇਸ ਕਰਕੇ ਉਹ ਉਸ ਸੰਸਾਰ ਵਿਚ ਸੋਗ ਕਰਦਾ ਪਾਇਆ ਜਾਵੇਗਾ ਜਿਹੜਾ ਉਸ ਦਾ ਨਹੀਂ ਹੈ।''[16] ਇਸ ਵਿਚ ਇਹ ਵੀ ਕਿਹਾ ਗਿਆ ਹੈ, ''ਇਕ ਘੰਟੇ ਵਿਚ ਹੀ ਕਾਫ਼ੀ ਮੁਸ਼ਕਿਲ ਹੁੰਦੀ ਹੈ।''[17]

## ਧਨ ਜਮ੍ਹਾ ਕਰਨਾ (6:19-24)

ਅੱਜ ਅਮਰੀਕਾ ਦੇ ਜ਼ਿਆਦਾਤਰ ਲੋਕ ਆਪਣੀ ਸੁੱਟਣ ਯੋਗ ਆਮਦਨ ਦਾ ਜ਼ਿਆਦਾਤਰ ਹਿੱਸਾ ਉਸ ਖ਼ਜ਼ਾਨੇ ਉੱਤੇ ਖ਼ਰਚ ਕਰਦੇ ਹਨ ਜਿਹੜਾ ਕਲ ਨੂੰ ਛੇਤੀ ਨਾਲ ਕੂੜਾ ਬਣ ਜਾਂਦਾ ਹੈ। ਉਹ ਚੀਜ਼ ਜਿਹੜੀ ਸਾਨੂੰ ਲਗਦਾ ਸੀ ਕਿ ਸਾਡੇ ਕੋਲ ਹੋਣੀ ਚਾਹੀਦੀ ਹੈ ਅਗਲੇ ਸਾਲ ਦੀ ਸੇਲ ਵਿਚ ਕਿਸੇ ਖ਼ਜ਼ਾਨੇ ਦੇ ਸ਼ਿਕਾਰ ਲਈ ਸੌਦਾ ਬਣ ਜਾਂਦੀ ਹੈ। ਕਿਸੇ ਸਿਆਣੇ ਨੇ ਕਿਹਾ ਹੈ, ''ਅਮਰੀਕੀ ਲੋਕ ਉਨ੍ਹਾਂ ਚੀਜ਼ਾਂ ਨੂੰ ਖਰੀਦਣ ਲਈ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਨਹੀਂ ਹੈ, ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਜਿਹੜੇ ਉਹਨੂੰ ਨੂੰ ਪਸੰਦ ਨਹੀਂ ਹਨ, ਉਸ ਪੈਸੇ ਨੂੰ ਖਰਚ ਕਰਦੇ ਹਨ ਜਿਹੜਾ ਉਨ੍ਹਾਂ ਕੋਲ ਨਹੀਂ ਹੈ।''

ਬਹੁਤ ਸਾਰੇ ਲੋਕ ਦੁਨਿਆਵੀ ਦੌਲਤ ਨੂੰ ਪਾਉਣ ਨਾਲ ਐਨਾਂ ਕੁ ਭਰੇ ਹੁੰਦੇ ਹਨ ਕਿ ਉਹ ਉਸ ਦਾ ਅਨੰਦ ਨਹੀਂ ਲੈ ਪਾਉਂਦੇ ਜਿਹੜਾ ਉਨ੍ਹਾਂ ਕੋਲ ਪਹਿਲਾਂ ਹੀ ਹੈ। ਦੁਨਿਆਵੀ ਚੀਜ਼ਾਂ ਨਾਲ ਦਿਮਾਗ਼ ਭਰਿਆ ਹੋਣਾ ਉਸ ਵੱਡੇ ਸਟਿੱਕਰ ਤੋਂ ਪਤਾ ਲਗਦਾ ਹੈ ਜਿਸ ਵਿਚ ਕਿਹਾ ਗਿਆ ਹੈ, ''ਜਿਹੜਾ ਸਭ ਤੋਂ ਵੱਧ ਖਿਡੌਣਿਆਂ ਨੂੰ ਨਾਲ ਲੈ ਕੇ ਮਰਦਾ ਹੈ ਉਹ ਜਿੱਤ ਜਾਂਦਾ ਹੈ।'' ਪਰ ਸਾਨੂੰ ਸਭ ਨੂੰ ਪਤਾ ਹੈ ਕਿ ''ਜਾਣ ਵੇਲੇ ਤੁਸੀਂ ਇਨ੍ਹਾਂ ਨੂੰ ਨਾਲ ਨਹੀਂ ਲਿਜਾ ਸਕਦੇ।'' ਪੌਲੁਸ ਨੇ ਲਿਖਿਆ, ''ਕਿਉਂ ਜੋ ਅਸਾਂ ਜਗਤ ਵਿਚ ਨਾਲ ਕੁਝ ਨਹੀਂ ਲਿਆਂਦਾ ਅਤੇ ਨਾ ਅਸੀਂ ਉਸ ਵਿੱਚੋਂ ਕੁਝ ਲੈ ਕੇ ਜਾ ਸਕਦੇ ਹਾਂ'' (1 ਤਿਮੋਥਿਉਸ 6:7)। ਮਿਸਰ ਦੇ ਕੁਝ ਫ਼ਿਰਾਊਨਾਂ ਨੂੰ ਵੱਡੇ–ਵੱਡੇ ਪਿਰਾਮਿਡ ਵਿਚ ਉਨ੍ਹਾਂ ਦੇ ਸਮਾਨ ਦੇ ਨਾਲ ਹੀ ਦਫ਼ਨਾ ਦਿੱਤਾ ਜਾਂਦਾ ਸੀ ਤਾਂ ਜੋ ਉਹ ਇਸ ਜ਼ਿੰਦਗੀ ਦੇ ਬਾਅਦ ਉਨ੍ਹਾਂ ਚੀਜ਼ਾਂ ਦਾ ਅਨੰਦ ਲੈ ਸਕਣ। ਇਸ ਦੇ ਉਲਟ ਉਨ੍ਹਾਂ ਦੀ ਦੌਲਤ ਲੁਟੇਰਿਆਂ, ਪੁਰਾਤੱਤਵ ਵਿਗਿਆਨੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਅਜਾਇਬ–ਘਰਾਂ ਦੀ ਦੌਲਤ ਬਣ ਗਈ ਹੈ।

ਸਾਡਾ ਧਿਆਨ ਦੁਨੀਆਂ ਦੀ ਦੌਲਤ ਜਮ੍ਹਾ ਕਰਨ ਤੇ ਨਹੀਂ ਬਲਕਿ ਖ਼ੁਦਾ ਦੇ ਰਾਜ ਨੂੰ ਬਣਾਉਣ ਅਤੇ ਲੋਕਾਂ ਦੀ ਮਦਦ ਕਰਨ ਤੇ ਹੋਣਾ ਚਾਹੀਦਾ ਹੈ। ਇਨ੍ਹਾਂ ਮਕਸਦਾਂ ਲਈ ਖ਼ੁਦਾ ਵੱਲੋਂ ਮਿਲੀਆਂ ਬਰਕਤਾਂ ਦੀ ਵਰਤੋਂ ਕਰਕੇ ਅਸੀਂ ਸੁਰਗ ਵਿਚ ਧਨ ਜੋੜ ਸਕਦੇ ਹਾਂ ਜੇ ਸਾਡਾ ਧਨ ਧਰਤੀ ਤੇ ਹੈ ਤਾਂ ਅਸੀਂ ਸੁਰਗ ਲਈ ਤਿਆਰੀ ਨਹੀ ਕਰਾਂਗੇ: ''ਕਿਉਂ ਜੋ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ'' (6:21)। ਫਿਰ ਅਸੀਂ ਸੁਰਗ ਵਿਚ ਮਿਲਣ ਵਾਲੇ ਅਬਦੀ ਅਨੰਦ ਨੂੰ ਗੁਆਵਾਂਗੇ ਨਹੀਂ। ਨਿਆਂ ਵਾਲੇ ਦਿਨ ਆਪਣੇ ਖਾਤਿਆਂ ਵਿਚ ''ਪੈਸੇ ਘੱਟ'' ਜਾਂ ''ਖਾਤਾ ਬੰਦ'' ਲਿਖਿਆ ਹੋਣ ਤੇ ਕਿੰਨਾ ਬੁਰਾ ਲੱਗੇਗਾ!

ਮਸੀਹੀ ਲੋਕਾਂ ਦੇ ਰੂਪ ਵਿਚ ਸਾਡੀ ਵਫ਼ਾਦਾਰੀ ਮਸੀਹ ਦੇ ਨਾਲ ਹੈ। ਅਸੀਂ ਇੱਕੋ ਵੇਲੇ ਉਸ ਦੀ ਅਤੇ ਧਨ ਦੀ ਸੇਵਾ ਨਹੀਂ ਕਰ ਸਕਦੇ। ਜਦ ਕੋਈ ਆਪਣੇ ਦੁਨਿਆਵੀ ਧਨ ਦਾ ਗੁਲਾਮ ਬਣ ਜਾਂਦਾ ਹੈ ਤਾਂ ਉਸ ਨੇ ਮਸੀਹ ਨੂੰ ਆਪਣੀ ਜ਼ਿੰਦਗੀ ਵਿੱਚੋਂ ਕੱਢ ਦਿੱਤਾ ਹੈ। ਪਸੰਦ ਚੁਣਨੀ ਹੀ ਪਵੇਗੀ। ਜੇ ਅਸੀਂ ਹਮੇਸ਼ਾ ਲਈ ਖ਼ੁਦਾ ਦੇ ਨਾਲ ਰਹਿਣਾ ਚਾਹੁੰਦੇ ਹਾਂ, ਤਾਂ ਸਾਨੂੰ ਪਾਪ ਅਤੇ ਆਪਣੀ ਦੌਲਤ ਨਾਲੋਂ ਵਧ ਕੇ ਉਸ ਦੀ ਅਤੇ ਉਸ ਦੇ ਧਰਮ ਦੀ ਸੇਵਾ ਕਰਨੀ ਚੁਣਨਾ ਜ਼ਰੂਰੀ ਹੈ (ਵੇਖੋ ਰੋਮੀਆਂ 6:16–18)।

## ਸਰਵਸ਼ਕਤੀਮਾਨ ਪਰਮੇਸ਼ੁਰ (6:24)

ਅਮਰੀਕਾ ਦੇ ਮੋਢੀ ਖ਼ੁਦਾ ਵਿਚ ਯਕੀਨ ਰੱਖਣ ਵਾਲੇ ਲੋਕ ਸਨ ਜਿਨ੍ਹਾਂ ਦਾ ਮੰਨਣਾ ਸੀ ਕਿ ਇਕ ਦੇਸ਼ ਦੇ ਰੂਪ ਵਿਚ ਸਾਡੀ ਕਾਮਯਾਬੀ ਖ਼ੁਦਾ ਵੱਲੋਂ ਮਿਲੀ ਬਰਕਤ ਹੈ। ਉਨ੍ਹਾਂ ਨੇ ਆਪਣੇ ਨੋਟਾਂ ਤੇ ''In God We Trust'' ਭਾਵ ''ਸਾਡਾ ਭਰੋਸਾ ਖ਼ੁਦਾ ਵਿਚ ਹੈ'' ਛਾਪਣ ਦੀ ਰੀਤ ਸ਼ੁਰੂ ਕੀਤੀ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਸਾਡੀ ਅਜ਼ਾਦੀ ਲਈ ਜ਼ਿੰਮੇਵਾਰੀ ਉਸ ਵੱਲੋਂ ਕੀਤਾ ਗਿਆ ਉਪਾਅ

ਹੈ ਅਤੇ ਉਹੀ ਭਵਿੱਖ ਵਿਚ ਕਾਮਯਾਬੀ ਤੈਅ ਕਰੇਗਾ। ਉਹ ਚਾਹੁੰਦੇ ਸਨ ਕਿ ਅਸੀਂ ''ਸਰਵਸ਼ਕਤੀਮਾਨ ਡਾਲਰ'' ਦੀ ਥਾਂ ਸਰਵਸ਼ਕਤੀਮਾਨ ਪਰਮੇਸ਼ੁਰ ਵਿਚ ਭਰੋਸਾ ਰੱਖੀਏ। ਡਾਲਰ ਦੇ ਦੂਜੇ ਪਾਸੇ, ਸਭ ਕੁਝ ਵੇਖਣ ਵਾਲੀ ਅੱਖ (ਖ਼ੁਦਾ ਦੇ ਉਪਾਅ ਦਾ ਸੰਕੇਤ) ਨਾਲ ਉਜਾੜ ਵਿੱਚੋਂ ਦੀ ਪਿਰਾਮਿਡ ਦੇ ਉੱਠਣ (ਸਾਡੀ ਕਾਮਯਾਬੀ ਦਾ ਸੰਕੇਤ) ਨਾਲ ਸਜਾਇਆ ਗਿਆ ਹੈ। ਇਸ ਦੇ ਉੱਤੇ ਛਪੇ ਲਾਤੀਨੀ ਭਾਸ਼ਾ ਵਿਚ ਲਿਖੇ *Annuit coeptus* ਦਾ ਅਨੁਵਾਦ ''ਉਹ ਸਾਡੇ ਸਮਾਨ ਦੀ ਹਮਾਇਤ ਕਰਦਾ ਹੈ'' ਜਾਂ ''ਖ਼ੁਦਾ ਸਾਡੇ ਉੱਤੇ ਮੁਸਕੁਰਾਉਂਦਾ ਹੈ'' ਹੈ।

ਡੇਵਿਡ ਸਟਿਵਰਟ

## ਚਿੰਤਾ (6:25-35)

ਚਿੰਤਾ ਲਈ ਅੰਗ੍ਰੇਜ਼ੀ ਭਾਸ਼ਾ "worry" ਜਰਮਨ ਭਾਸ਼ਾ ਦੇ ਇਕ ਪੁਰਾਣੇ ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ''ਗਲਾ ਘੁੱਟਣਾ'' ਚਿੰਤਾ ਇਹ ਕੰਮ ਕਰਦੀ ਹੈ ਕਿਉਂਕਿ ਇਹ ਜ਼ਿੰਦਗੀ ਦੇ ਅਨੰਦ ਦਾ ਗਲਾ ਦਬ ਦਿੰਦੀ ਹੈ ਅਤੇ ਸਾਨੂੰ ਹੋਰ ਪਰੇਸ਼ਾਨੀਆ ਵਿਚ ਛੱਡ ਦਿੰਦੀ ਹੈ। ਆਪਣੀਆਂ ਚਿੰਤਾਂਵਾਂ ਦੇ ਕਾਰਣ ਬਹੁਤ ਸਾਰੇ ਲੋਕ ਨਹੁੰ ਟੁੱਕਦੇ ਹਨ, ਇੱਧਰ ਉੱਧਰ ਟਹਿਲਦੇ ਹਨ ਅਤੇ ਆਪਣੇ ਖਿਆਲਾਂ ਨਾਲ ਲੜਦੇ ਹੋਏ ਰਾਤ ਰਾਤ ਭਰ ਜਾਗਦੇ ਹਨ। ਕਈ ਤਾਂ ਸਿਗਰਟ, ਸ਼ਰਾਬ ਅਤੇ ਨਸ਼ੇ ਦੀ ਹੋਰ ਲਤ ਲਾ ਲੈਂਦੇ ਹਨ। ਚਿੰਤਾ ਯਕੀਨਨ ਹੀ ਸਾਥੋਂ ਬਹੁਤਾਇਤ ਦੀ ਜ਼ਿੰਦਗੀ ਜੀਣਾ ਹੋ ਸਕਦੀ ਹੈ।

ਗੱਭਰੂ ਅਤੇ ਜਵਾਨ ਆਮ ਤੌਰ ਤੇ ਆਪਣੇ ਦੋਸਤਾਂ, ਡੇਟਿੰਗ ਦੇ ਰਿਸ਼ਤਿਆਂ, ਪੜ੍ਹਾਈ ਅਤੇ ਭਵਿੱਖ ਸਣੇ ਕਈ ਗੱਲਾਂ ਦੀ ਚਿੰਤਾ ਕਰਦੇ ਹਨ। ਕਈਆਂ ਨੂੰ ਪਾਉਣ ਦੀ ਚਿੰਤਾ ਹੁੰਦੀ ਹੈ; ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਨਵੇਂ ਤੋਂ ਨਵੇਂ ਫੈਸ਼ਨ ਅਤੇ ਵਧੀਆ ਤੋਂ ਵਧੀਆ ਬ੍ਰਾਂਡ ਦੀਆਂ ਚੀਜ਼ਾਂ ਪਾਉਣੀਆਂ ਚਾਹੀਦੀਆਂ ਹਨ। ਬਜ਼ੁਰਗਾਂ ਨੂੰ ਜਵਾਨ ਦਿਸਣ ਦੀ ਅਤੇ ਲੰਮੀ ਉਮਰ ਦੀ ਚਿੰਤਾ ਰਹਿੰਦੀ ਹੈ। ''ਜਵਾਨ'' ਰਹਿਣ ਦੀਆਂ ਕੁਝ ਕੋਸ਼ਿਸ਼ਾਂ ਨਾਲ ਜ਼ਿੰਦਗੀ ਨੂੰ ਬੇਹਤਰ ਬਣਾਇਆ ਜਾ ਸਕਦਾ ਹੈ, ਪਰ ਅਜਿਹੀਆਂ ਗੱਲਾਂ ਦੀ ਚਿੰਤਾ ਕਰਨ ਨਾਲ ਅਸਲ ਵਿਚ ਸਾਡੀ ਉਮਰ ਘੱਟ ਸਕਦੀ ਹੈ। ਕਈ ਅਧਿਐਨਾਂ ਤੋਂ ਇਹ ਪਾਇਆ ਗਿਆ ਕਿ ਚਿੰਤਾ ਦਾ ਸਿਹਤ ਦੀਆਂ ਗੰਭੀਰ ਮੁਸ਼ਕਿਲਾਂ ਵਿਚ ਯੋਗਦਾਨ ਰਹਿੰਦਾ ਹੈ। ਡਾਕਟਰ ਚਾਰਲਸ ਐਚ. ਮੇਓ ਜਿਸ ਨੇ ਆਪਣੇ ਭਰਾ ਨਾਲ ਮਿਲ ਕੇ ਮੇਓ ਕਲਿਨਿਕ ਬਣਾਈ, ਲਿਖਦਾ ਹੈ, ''ਚਿੰਤਾ ਖ਼ੂਨ ਦੇ ਦੌਰੇ, ਦਿਲ, ਗ੍ਰੰਥੀਆਂ ਅਤੇ ਪੂਰੀ ਖ਼ੂਨ ਦੀ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀ ਹੈ। ਮੈਨੂੰ ਕਦੇ ਕੋਈ ਅਜਿਹਾ ਸ਼ਖ਼ਸ ਨਹੀਂ ਮਿਲਿਆ ਜਿਹੜਾ ਬਹੁਤਾ ਕੰਮ ਕਰਕੇ ਮਰਿਆ ਹੋਵੇ, ਪਰ ਸ਼ੱਕ ਕਰਕੇ ਮਰਨ ਵਾਲੇ ਕਈ ਮਿਲੇ ਹਨ।''[18]

---

ਟਿੱਪਣੀਆਂ

[1]ਟੋਬਿਟ 4:9, 10; 4 *ਅਜ਼ਰਾ* 6.5; *ਟੈਸਟਾਮੈਂਟ ਆਫ਼ ਲੇਵੀ* 13.5; *ਸਾਮਜ਼ ਆਫ਼ ਸੌਲੋਮਨ* 9.5; ਮਿਸ਼ਨਾਹ *ਪੀਹ* 1.1. [2]ਸੀਰਾਚ 29:10, 11 (NRSV)। [3]ਟਾਲਮੁਡ *ਬਾਬਾ ਬਥਰਾ* 11ਏ। [4]ਜੇ. ਸੀ. ਰਾਈਲ, *ਰਾਈਲ'ਜ਼ ਐਕਸਪੋਜ਼ਿਟਰੀ ਥਾਟਸ ਆਨ ਦ ਗੌਸਪਲਜ਼ਃ ਮੈਥਿਊ–ਮਾਰਕ* (ਗ੍ਰੈਂਡ ਰੈਪਿਡਸ, ਮਿਸ਼ਿਗਨਃ ਜ਼ੌਂਡਰਵਨ ਪਬਲੀਸ਼ਿੰਗ ਹਾਊਸ, ਮਿਤੀ ਰਹਿਤ), 56. [5]ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1985), 138–39. [6]ਵੇਖੋ ਸੀਰਾਚ 14:9. [7]*ਟੈਸਟਾਮੈਂਟ ਆਫ਼ ਜੋਜ਼ਫ਼* 14.2; ਮਿਸ਼ਨਾਹ *ਪੇਸਾਹਿਮ* 8.1. [8]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1,

ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 107. [9]ਉਹੀ। [10]ਵਿਲੀਅਮ ਹੈਂਡ੍ਰਿਕਸਨ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ਿਸਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1973), 349, ਐੱਨ. 334.

[11]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡਜ਼ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 48 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [12]ਉਹੀ, 49. [13]ਟਾਲਮੁਡ *ਸੋਟਹ* 48ਬੀ। [14]ਰੌਬਰਟ ਐਚ. ਮਾਉਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1991), 61. [15]ਸੀਰਾਚ 30:24 (NRSV)। [16]ਟਾਲਮੁਡ *ਸੈਨਹੇਡ੍ਰਿਨ* 100ਬੀ। [17]ਟਾਲਮੁਡ *ਬੇਰਾਕੋਥ* 9ਬੀ। [18]*ਵਰੀਜ਼: ਵੈਬਸਟਰ'ਜ਼ ਕੁਟੇਸ਼ੰਜ਼, ਫ਼ੈਕਟਸ ਐਂਡ ਫ਼ਰੇਜ਼ਜ਼* (ਸੈਨ ਡਿਆਗੋ: ਆਈਕਨ ਗਰੁੱਪ ਇੰਟਰਨੈਸ਼ਨਲ, 2008), 8 ਵਿਚ ਦੁਹਰਾਇਆ ਗਿਆ।